


# ਮੈਂ ਸਾਰਾ...

## -ਸ਼ਾਹਿਦ ਅਨਵਰ

•

**ਪੰਜਾਬੀ ਅਨੁਵਾਦ : ਤੇਜਿੰਦਰ ਬਾਵਾ**




[ਸਾਰੇ ਮੰਚ ਉੱਪਰ ਹਨੇਰਾ। ਸਿਰਫ਼ ਖੱਬੇ ਹੱਥ ਸਪਾਟ। ਮੰਚ ਦੇ ਪਿਛਲੇ ਹਿੱਸੇ ਵਿਚ ਇਕ ਕਬਾੜ ਵਰਗਾ ਢੇਰ, ਜਿਸ ਨੂੰ ਕਾਲੇ ਕੱਪੜੇ ਨਾਲ ਢੱਕਿਆ ਹੋਇਆ ਹੈ। ਉਸੇ ਢੇਰ ਵਿਚੋਂ ਲੋੜ ਅਨੁਸਾਰ ਵੱਖ-ਵੱਖ ਦ੍ਰਿਸ਼ ਲਈ ਵੱਖਰੀ-ਵੱਖਰੀ ਸਮੱਗਰੀ ਕੱਢੀ ਜਾਂਦੀ ਹੈ। ਸਪਾਟ ਵਿਚ ਇਕ ਛੋਟੀ ਜਹੀ ਰਾਕਿੰਗ ਚੇਅਰ (Rocking Chair) ਪਈ ਹੈ, ਜਿਸ ਦੇ ਪਿੱਛੇ ਲਗਭਗ ਤੀਹ ਸਾਲ ਦੀ ਸਾਰਾ ਖਲੋਤੀ ਹੈ। ਉਹਦੀ ਪਿੱਠ ਦਰਸ਼ਕਾਂ ਵੱਲ ਹੈ। ਉਹਦੇ ਹੱਥ ਵਿਚ ਇਕ ਨੋਟ-ਬੁੱਕ ਹੈ, ਜਿਸ ਵਿਚੋਂ ਇਕ ਕਵਿਤਾ ਪੜ੍ਹਦੀ ਹੋਈ ਉਹ ਹੌਲੀ-ਹੌਲੀ ਦਰਸ਼ਕਾਂ ਵੱਲ ਮੁੜਦੀ ਹੈ।]

**ਕਵਿਤਾ :**

ਇੱਜ਼ਤ ਦੀਆਂ ਬਹੁਤ ਸਾਰੀਆਂ ਕਿਸਮਾਂ ਹਨ
ਘੁੰਡ, ਥੱਪੜ, ਗੰਦੁਮ
ਇੱਜ਼ਤ ਦੇ ਤਾਬੂਤ ਵਿਚ ਕੈਦ ਦੀਆਂ ਮੇਖਾਂ ਠੋਕਾਂ ਗਈਆਂ ਹਨ
ਘਰ ਤੋਂ ਲੈ ਕੇ ਫੁੱਟਪਾਥ ਤਕ ਸਾਡਾ ਨਹੀਂ
ਇੱਜ਼ਤ ਦੇ ਨੇਜ਼ੇ ਨਾਲ ਦਾਗਿਆ ਜਾਂਦਾ ਏ ਸਾਨੂੰ

ਇੱਜ਼ਤ ਦੀ ਕਮੀ ਸਾਡੀ ਜ਼ੁਬਾਨ ਤੋਂ ਸ਼ੁਰੂ ਹੁੰਦੀ ਹੈ
ਕੋਈ ਰਾਤ ਸਾਡਾ ਲੂਣ ਵੇਖ ਲਵੇ
ਤਾਂ ਸਾਰੀ ਜ਼ਿੰਦਗੀ ਸਾਨੂੰ ਬੇ-ਸਵਾਦੀ ਰੋਟੀ ਕਿਹਾ ਜਾਂਦਾ ਹੈ

[ਸਾਰਾ ਨੋਟ-ਬੁੱਕ ਰਾਕਿੰਗ ਚੇਅਰ 'ਤੇ ਸੁੱਟਦੀ ਹੈ, ਜਿਸ ਕਰਕੇ ਕੁਰਸੀ ਅੱਗੇ-ਪਿੱਛੇ ਝੂਲਣ ਲੱਗ ਪੈਂਦੀ ਹੈ। ਉਹ ਕੁਝ ਦੇਰ ਚੇਅਰ ਨੂੰ ਇਸੇ ਤਰ੍ਹਾਂ ਝੂਲਦਿਆਂ ਹੋਇਆਂ ਤੱਕਦੀ ਰਹਿੰਦੀ ਹੈ ਅਤੇ ਫਿਰ ਦਰਸ਼ਕਾਂ ਨੂੰ ਸੰਬੋਧਿਤ ਹੁੰਦੀ ਹੈ।]

ਮੈਂ ਸਾਰਾ...ਸਾਰਾ ਸ਼ਗੁਫਤਾ! ਕਹਿਣ ਨੂੰ ਉਰਦੂ ਦੀ ਪਹਿਲੀ 'ਐਂਗਰੀ ਯੰਗ ਪੋਇਟਸ' (Angry Young Poetess)।

[ਉਹ ਬੋਲਦੀ ਹੋਈ ਮੰਚ ਦੇ ਅਗਲੇ ਹਿੱਸੇ ਵਿਚ ਆ ਜਾਂਦੀ ਹੈ।

ਮੇਰੇ ਬਾਰੇ ਇਕ ਸ਼ਾਇਰ ਦੀ ਬੀਵੀ ਨੇ ਕਿਹਾ :
ਸਾਰਾ ਸ਼ਾਇਰੀ ਤਾਂ ਚੰਗੀ ਕਰਦੀ ਹੈ ਪਰ ਦੁਪੱਟੇ ਦੀ ਸੂਝ-ਬੂਝ ਨਹੀਂ ਹੈ।
ਏਨੀ ਅਕਲ ਤਾਂ ਮੈਨੂੰ ਸੀ ਕਿ ਕੋਈ ਨਜ਼ਰ ਆ ਜਾਵੇ ਤਾਂ ਸਜਦਾ ਕਰ ਦੇਂਦੀ।

ਫਿਰ ਭਲਾ ਸਿਰ ਦੁਪੱਟੇ ਦਾ ਸਜਦੇ ਨਾਲ ਕੀ ਤਾਅਲੁਕ ? ਬਸ, ਏਨੀ ਜਹੀ ਗੱਲ ਸੀ ਜਿਸ ਕਰਕੇ ਸਾਰੇ ਸ਼ਹਿਰ ਅੰਦਰ ਰੌਲਾ ਪਾਇਆ ਹੋਇਆ ਸੀ। ਇਕ ਬੈਠਕ ਵਿਚ ਕਿਹਾ ਗਿਆ—

ਸਾਰਾ! ਆਪਣੇ ਜਿਸਮ ਤੇ ਸ਼ਾਇਰੀ ਵਿਚ ਤਮੀਜ਼ ਪੈਦਾ ਕਰ।
ਸਾਹਿਬ! ਮੈਂ ਤਾਂ ਬੇਜ਼ਮੀਰੀ ਲਿਖਦੀ ਹਾਂ, ਇਸ ਲਈ ਮੇਰੀ ਨਜ਼ਮ ਬਾਰੇ ਸਿਰਫ਼ ਬੇਜ਼ਮੀਰਿਆਂ ਨੂੰ ਹੀ ਬੋਲਣ ਦਾ ਹੱਕ ਹੈ।
ਫਿਰ ਇਕ ਦਿਨ ਇਕ ਸ਼ਾਇਰ ਨੇ ਕਿਹਾ—
ਨਮਾਜ਼ ਪੜ੍ਹਿਆ ਕਰ।
ਹਾਲਾਂਕਿ ਉਸ ਸ਼ਾਇਰ ਦਾ ਕੱਦ ਜਾਏ-ਨਮਾਜ਼ ਤੋਂ ਵੀ ਛੋਟਾ ਸੀ। ਫਿਰ ਇਕ ਕ੍ਰਿਟਿਕ ਬੋਲਿਆ—
ਬੇਟੀ! ਇਹ ਲੱਛਣ ਠੀਕ ਨਹੀਂ।
ਅਤੇ ਰੁਮਾਲ ਨਾਲ ਆਪਣੀ ਰਾਲ ਪੂੰਝਣ ਲੱਗਾ। ਕਿਸੇ ਹੋਰ ਨੇ ਆਖਿਆ—
ਬਿਨਾ ਜਾਲ ਦੀ ਮਛਲੀ ਹੈ, ਪਰ ਮੈਂ ਤਾਂ ਭੈਣ ਕਹਿ ਚੁੱਕਾਂ। ਹੁਣ ਤੁਸੀਂ ਸੰਭਾਲੋ।
ਸਾਰਾ ਤਾਂ ਮੇਰੇ ਨਾਲ ਇਸ਼ਕ ਕਰਦੀ ਹੈ।
ਸਾਰਾ ਤਾਂ ਆਸਾਨ ਸ਼ਿਕਾਰ ਹੈ।
ਸਾਰਾ ਤਾਂ ਮੇਰੇ ਨਾਲ ਸੌਂ ਚੁੱਕੀ ਹੈ।

ਸੁਸਾਇਟੀ ਦੇ ਇਨ੍ਹਾਂ ਆਲ੍ਹਾ-ਨਸਲੀ ਕੁੱਤਿਆਂ ਨੂੰ ਕੋਈ ਤਾਂ ਸਮਝਾਉਂਦਾ ਕਿ 'ਓਹ ਭਰਾਵਾ! ਜੇਕਰ ਸਾਰਾ ਨਾਲ ਸੁੱਤਾ ਵੀ ਏ ਤਾਂ ਫੇਰ ਕਿਹੜਾ ਤੀਰ ਮਾਰ ਲਿਆ।

ਲਹੂ ਥੁੱਕਦੀ ਔਰਤ ਧਾਤ ਨਹੀਂ
ਚੂੜੀਆਂ ਦੀ ਚੋਰ ਨਹੀਂ
ਮੈਦਾਨ ਮੇਰਾ ਹੌਂਸਲਾ ਹੈ
ਅੰਗਾਰਾ ਮੇਰੀ ਖ਼੍ਵਾਹਿਸ਼
ਅਸੀਂ ਸਿਰ 'ਤੇ ਕਫ਼ਨ ਬੰਨ੍ਹ ਕੇ ਪੈਦਾ ਹੋਏ ਹਾਂ
ਕੋਈ ਅੰਗੂਠੀ ਪਹਿਨ ਕੇ ਨਹੀਂ
ਜਿਸ ਨੂੰ ਤੁਸੀਂ ਚੋਰੀ ਕਰ ਲਵੋਗੇ

[ਸਾਰਾ ਹੌਲੀ-ਹੌਲੀ ਮੰਚ ਦੇ ਸੱਜੇ ਪਾਸੇ ਵਧਦੀ ਹੈ, ਜਿਥੇ ਇਕ ਮੇਜ਼ ਨਜ਼ਰ ਆਉਂਦਾ ਹੈ। ਉਹ ਮੇਜ਼ ਉੱਪਰ ਹੀ ਬੈਠ ਜਾਂਦੀ ਹੈ।]

ਦਰਅਸਲ ਮੇਰਾ ਪਾਲਣ-ਪੋਸਣ ਬੇਜ਼ਮੀਰੀ ਨਾਲ ਹੋਇਆ, ਇਸ ਲਈ ਸਾਰੀ ਉਮਰ ਜ਼ਮੀਰ ਤਲਾਸ਼ ਕਰਦੀ ਰਹੀ। ਇਕ ਪਨਘਟ 'ਤੇ ਮੇਰੀ ਮਾਂ ਤੇ ਮੇਰੇ ਪਿਉ ਨੇ ਇਕੱਠਿਆਂ ਤੁਰਨ ਦਾ ਅਹਿਦ ਕੀਤਾ ਸੀ ਅਤੇ ਮੇਰੀ ਮਾਂ ਘਰਵਾਲਿਆਂ ਨੂੰ ਦੱਸੇ ਬਿਨਾ ਚੁੱਪ ਕਰਕੇ ਆਪਣੇ ਰਾਂਝੇ ਨਾਲ ਚਲੀ ਗਈ ਸੀ। ਹੁਣ ਮਾਂ ਦਾ ਰਾਂਝਾ ਦੂਸਰਾ ਵਿਆਹ ਕਰਵਾ ਚੁੱਕਾ ਸੀ ਅਤੇ ਮੇਰੀ ਮਾਂ

ਨੇ ਸਾਰੀ ਉਮਰ ਰੋ ਕੇ ਗੁਜ਼ਾਰ ਦਿੱਤੀ। ਮਾਂ ਕਈ ਵਾਰ ਸਾਨੂੰ ਵਾਰੀ-ਵਾਰੀ ਵੇਖਦੀ। ਮੈਂ ਖ਼ਾਮੋਸ਼ੀ ਨਾਲ ਕਹਿੰਦੀ—

ਮਾਂ ! ਜੀਹਨੇ ਤੇਰੇ ਤੋਂ ਗਿਆਰਾਂ ਨਿਆਣੇ ਪੈਦਾ ਕੀਤੇ, ਉਹ ਤਾਂ ਕੈਦੋ ਸੀ, ਤੇਰਾ ਅਸਲੀ ਰਾਂਝਾ ਤਾਂ ਤੇਰੇ ਕੋਲ ਆਇਆ ਹੀ ਨਹੀਂ।

ਪਰ ਉਸ ਮਾਂ ਨੇ ਸਿਰਫ਼ ਸਹਿਣਾ ਸਿੱਖਿਆ ਸੀ, ਇਸ ਲਈ ਬੱਚਿਆਂ ਨੂੰ ਆਪਣੀ ਭੁੱਖ ਵਿਚ ਸ਼ਾਮਿਲ ਕਰ ਲਿਆ।

[ਉਹ ਟਹਿਲਦੀ ਹੋਈ ਮੰਚ ਦੇ ਵਿਚਕਾਰ ਆ ਜਾਂਦੀ ਹੈ।]

ਹੁਣ ਅਕਸਰ ਚੁੱਲ੍ਹੇ ਵਿਚਲੀ ਅੱਗ ਨੂੰ ਚੱਟਣ ਲਈ ਕੁਝ ਨਹੀਂ ਮਿਲਦਾ ਅਤੇ ਸਾਡੇ ਘਰ ਵਿਚ ਅੱਗ ਪਿਆਸੀ ਹੁੰਦੀ ਗਈ। ਮੈਂ ਅੱਗ ਤੋਂ ਜ਼ਿਆਦਾ ਮਾਂ ਦੇ ਅੱਥਰੂ ਗਿਣਦੀ ਅਤੇ ਅੱਖਾਂ ਨੂੰ ਚੁੱਪ ਕਰਾਉਂਦੀ ਰਹਿੰਦੀ। ਛੇਤੀ ਹੀ ਉਹ ਭਾਂਡੇ ਵੀ ਵਿਕਣ ਲੱਗ ਪਏ, ਜਿਨ੍ਹਾਂ ਉੱਪਰ ਪਿਉ ਦਾ ਨਾਂ ਉਕਰਿਆ ਸੀ। ਜੋ ਕੁਝ ਵੀ ਬਣਦਾ, ਮਾਂ ਬੜੇ ਪਿਆਰ ਨਾਲ ਸਾਨੂੰ ਖਵਾਉਂਦੀ ਅਤੇ ਕਦੇ-ਕਦੇ ਉਸ ਔਰਤ ਨੂੰ ਕੋਸਦੀ, ਜਿਸ ਨੂੰ ਮੇਰੇ ਬਾਪ ਨੇ ਸਾਡੇ ਭਾਂਡਿਆਂ ’ਤੇ ਲਾਗੂ ਕਰ ਦਿੱਤਾ ਸੀ। ਕਦੇ-ਕਦਾਈਂ ਪੋਸਟਮੈਨ ਮਨੀਆਰਡਰ ਦੇ ਜਾਂਦਾ ਅਤੇ ਜਦੋਂ ਇਕ ਮਨੀਆਰਡਰ ਤੋਂ ਦੂਸਰੇ ਮਨੀਆਰਡਰ ਤਕ ਦਾ ਵਕਫ਼ਾ ਇੰਤਜ਼ਾਰ ਦੀ ਹਰ ਹੱਦ ਨੂੰ ਪਾਰ ਕਰਨ ਲੱਗਾ ਤਾਂ ਇਕ ਦਿਨ ਮਾਂ ਦੋਹਰੇ ਨਕਾਬ ਵਿਚ ਲੁਕ ਕੇ ਘਰੋਂ ਨਿਕਲੀ। ਵਾਪਸ ਆਈ ਤਾਂ ਉਹਦੇ ਇਕ ਹੱਥ ਵਿਚ ਫੁੱਲਾਂ ਨਾਲ ਭਰਿਆ ਲਿਫ਼ਾਫ਼ਾ ਸੀ ਅਤੇ ਦੂਸਰੇ ਹੱਥ ਵਿਚ ਸੂਈ ਤੋਂ ਵੀ ਬਾਰੀਕ ਸੂਈ। ਅਸੀਂ ਸਾਰੇ ਭੈਣ-ਭਰਾ ਫੁੱਲ ਪਿਰੋਂਦੇ। ਇਸ ਨਾਲ ਵੀ ਭੁੱਖ ਨਾ ਮਿਟੀ, ਇਕ ਦਿਨ ਗੁਆਂਢਣ ਨੇ ਮਾਂ ਨੂੰ ਆਖਿਆ।

ਕਦੋਂ ਤਕ ਚੁੱਲ੍ਹਾ ਨਹੀਂ ਬਲੇਗਾ ? ਸਾਰੇ ਮੁਹੱਲੇ ਨੂੰ ਤੇਰੀ ਫ਼ਿਕਰ ਹੈ। ਮੈਂ ਜ਼ਕਾਤ ਦੇ ਪੈਸੇ ਮੁਹੱਲੇ ’ਚੋਂ ਇਕੱਠੇ ਕਰਕੇ ਲਿਆਈ ਹਾਂ। ਤੂੰ ਚਾਹੇ ਤਾਂ...ਮਾਂ ਨੇ ਇਸ ‘ਤਾਂ’ ਦੇ ਬਾਅਦ ਬੱਚਿਆਂ ਵੱਲ ਵੇਖਿਆ ਤਾਂ ਛੋਟੀ ਭੈਣ ਕਹਿਣ ਲੱਗੀ—

ਅੰਮੀ ! ਲੈ ਲਓ ਪੈਸੇ, ਮੇਰੀ ਯੂਨੀਫ਼ਾਰਮ ਬਣ ਜਾਵੇਗੀ।

ਮੈਂ ਤਾਂ ਚਾਰਪਾਈ ’ਤੇ ਮੂਧੀ ਲੇਟੀ ਸੀ, ਵੇਖਿਆ ਤਾਂ ਮਾਂ ਦੇ ਹੱਥ ਵਿਚ ਨੋਟ ਸਨ ਤੇ ਉਹ ਔਰਤ ਜਾ ਚੁੱਕੀ ਸੀ। ਕੀ ਮੇਰੀ ਮਾਂ ਦੀ ਕੁੱਖ ਮਹਿਜ਼ ਇਕ ਆਦਤ ਸੀ ਜਾਂ ਤਿਣਕੇ ਜਿੰਨੀ ਵੀ ਮੁਹੱਬਤ ਸੀ ਉਸ ਵਿਚ ? ਜੇਕਰ ਹਾਂ ਤਾਂ ਕਿੱਥੇ ਸੀ ਅੱਜ ਉਹ, ਜਿਸ ਉੱਪਰ ਮੇਰੀ ਮਾਂ ਆਪਣੀਆਂ ਉਮੰਗਾਂ ਦੀਆਂ ਅਸ਼ਰਫ਼ੀਆਂ ਬੇਝਿਜਕ ਲੁਟਾਉਂਦੀ ਰਹੀ। ਸਾਡਾ ਪਿਉ ਜ਼ਿੰਦਾ ਸੀ ਅਤੇ ਅਸੀਂ ਯਤੀਮ ਸਾਂ। ਮੈਂ ਉਨ੍ਹਾਂ ਸਾਰੀਆਂ ਔਰਤਾਂ ਨੂੰ ਯਾਦ ਕੀਤਾ, ਜਿਨ੍ਹਾਂ ਨੇ ਮੇਰੀ ਮਾਂ ਦੇ ਵਿਆਹ ਲਈ ਮੀਨਾ ਬਾਜ਼ਾਰ ਵਿਚੋਂ ਘੁੰਡ, ਮਹਿੰਦੀ, ਟਿਕਲੀ, ਬਿੰਦੀ ਅਤੇ ਦੁਪੱਟੇ ਖਰੀਦੇ ਹੋਣਗੇ ਅਤੇ ਮੈਂ ਸਾਰੇ ਘੁੰਡ ਲਾਹ ਦਿੱਤੇ।

[ਉਹ ਹੌਲੀ-ਹੌਲੀ ਮੰਚ ਦੇ ਪਿਛਲੇ ਹਿੱਸੇ ਵਿਚ ਜਾਂਦੀ ਹੈ ਅਤੇ ਕਾਲੇ ਕਬਾੜ ਵਿਚੋਂ ਕੁਝ ਲੱਭਣ ਲੱਗਦੀ ਹੈ। ਇਕ ਸਿਹਰਾ ਉਹਦੇ ਹੱਥ ਲੱਗਦਾ ਹੈ, ਜੀਹਦੇ ਸਾਰੇ ਫੁੱਲ ਸੁੱਕ ਚੁੱਕੇ ਹਨ। ਪਹਿਲਾਂ ਉਹ ਉਹਨੂੰ ਉਲਟ-ਪੁਲਟ ਕਰਦੀ ਹੈ ਅਤੇ ਫਿਰ ਉਹਨੂੰ ਮੱਥੇ ’ਤੇ ਬੰਨ੍ਹਣ ਦੀ ਕੋਸ਼ਿਸ਼ ਕਰਦੀ ਹੈ।]

ਆਪਣੀ ਮਾਂ ਵਾਂਗ ਮੈਨੂੰ ਵੀ ਘਰ ਦੀ ਤਲਾਸ਼ ਸੀ। ਚਾਰ ਵਾਰ ਮੇਰਾ ਵਿਆਹ ਹੋਇਆ। ਚਾਰ ਵਾਰ ਮੈਂ ਪਾਗਲਖਾਨੇ ਗਈ। ਚਾਰ ਵਾਰ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ, ਨਾਕਾਮ ਕੋਸ਼ਿਸ਼ ਅਤੇ ਚਾਰ ਕਿਤਾਬਾਂ ਇਸ ਅੱਖਰਕਾਰੀ ਦੇ ਹੱਥ ਲੱਗੀਆਂ...ਪਹਿਲੀ ਵਾਰ ਜਦੋਂ ਦੁਲਹਨ ਬਣੀ ਤਾਂ ਚੌਦਾਂ ਸਾਲ ਦੀ ਸੀ ਤਾਂ ਤਿੰਨ ਸਾਲਾਂ ’ਚ ਤਿੰਨ ਬੱਚ ਜੰਮੇ। ਮੈਂ ਬੁਰਕਾ ਪਾਈ ਦੋ ਬੱਚਿਆਂ ਦੀ ਉਂਗਲ ਫੜੀ ਅਤੇ ਇਕ ਬੱਚੇ ’ਤੇ ਬੁਰਕਾ ਤਾਣੀ, ਸਬਜ਼ੀ ਖਰੀਦਣ ਜਾਇਆ ਕਰਦੀ। ਇਕ ਬੱਚੇ ਨੂੰ ਦੁੱਧ ਪਿਆਉਂਦੀ ਅਤੇ ਬਾਕੀ ਦੋ ਬੱਚਿਆਂ ਨੂੰ ਝਿੜਕਦੀ—‘ਹੁਣ ਤੁਸੀਂ ਰੋਟੀ ਚਿੱਥਣ ਦੇ ਲਾਇਕ ਹੋ ਚੁੱਕੇ ਹੋ।’ ਹੁਣ ਮੈਂ ਸਬਜ਼ੀ ਇਵੇਂ ਖਰੀਦਦੀ ਕਿ ਚਵਾਨੀ ਬਚ ਜਾਵੇ। ਜਦੋਂ ਕਾਫ਼ੀ ਚਵਾਨੀਆਂ ਜਮ੍ਹਾ ਹੋ ਗਈਆਂ ਤਾਂ ਨਵੀਂ ਕਲਾਸ ਦੀਆਂ ਕਿਤਾਬਾਂ ਖ਼ਰੀਦ ਲਈਆਂ ਅਤੇ ਪੜ੍ਹਨਾ ਸ਼ੁਰੂ ਕਰ ਦਿੱਤਾ। ਨੌਵੀਂ ਪਾਸ ਕੀਤੀ ਤਾਂ ਖਸਮ ਦੀ ਮਾਰ ਦੇ ਬਾਵਜੂਦ ਫੈਮਿਲੀ ਪਲਾਨਿੰਗ (Family Planing) ਵਿਚ ਨੌਕਰੀ ਕਰ ਲਈ। ਹੁਣ ਬੱਚਿਆਂ ਨੂੰ ਸੰਭਾਲਦੀ, ਘਰ ਦਾ ਕੰਮ ਕਰਦੀ, ਨੌਕਰੀ ’ਤੇ ਜਾਂਦੀ ਅਤੇ ਫਿਰ ਬੱਚਿਆਂ ਨੂੰ ਸੰਵਾ ਕੇ ਮੈਟ੍ਰਿਕ ਦੀ ਤਿਆਰੀ ਕਰਦੀ। ਇਕ ਦਿਨ ਮੇਰੀ ਭਾਣਜੀ ਮੇਰੇ ਘਰ ਆ ਕੇ ਠਹਿਰੀ। ਉਸ ਵਕਤ ਮੇਰਾ ਛੋਟਾ ਮੁੰਡਾ ਸੱਤ ਦਿਨ ਦਾ ਸੀ। ਉਹ ਰਾਤ...ਅੱਧੀ ਰਾਤ ਨੂੰ ਦੂਸਰੇ ਕਮਰੇ ਵਿਚੋਂ ਚੀਖ਼ ਉੱਭਰੀ :

—ਆਂਟੀ ! ਆਂਟੀ !

ਮੈਂ ਵੇਖਿਆ ਮੇਰਾ ਖਸਮ, ਮੇਰੀ ਭਾਣਜੀ ’ਤੇ ਚੜ੍ਹਿਆ ਹੋਇਆ ਹੈ ਅਤੇ ਮੇਰੀ ਭਾਣਜੀ ਉਹਦੇ ਚੁੰਗਲ ਵਿਚੋਂ ਨਿਕਲ ਕੇ ਭੱਜਣ ਲਈ ਹੱਥ-ਪੈਰ ਮਾਰ ਰਹੀ ਹੈ। ਮੈਂ ਭੱਜ ਕੇ ਆਪਣੇ ਕਮਰੇ ਵਿਚ ਗਈ ਅਤੇ ਆਪਣੀ ਇਕ ਸਾਲ ਦੀ ਬੱਚੀ ਨੂੰ ਚੁੱਕ ਲਿਆਈ ਤੇ ਕਿਹਾ :

—ਸੌਣਾ ਹੈ ਤਾਂ ਆਪਣੀ ਧੀ ਨਾਲ ਸੌਂ !

ਆਪਣੀ ਮਾਂ ਵਾਂਗ ਮੈਨੂੰ ਵੀ ਘਰ ਦੀ ਤਲਾਸ਼ ਵਿਚ ਸਿਰਫ਼ ਇੱਟਾਂ ਹੀ ਨਸੀਬ ਹੋਈਆਂ।...ਉਸੇ ਰਾਤ ਮੇਰਾ ਤਲਾਕ ਹੋ ਗਿਆ।

[ਉਹ ਹੌਲੀ-ਹੌਲੀ ਕਦਮ ਵਧਾਉਂਦੀ ਹੋਈ ਟੇਬਲ ਵੱਲ ਵਧਦੀ ਹੈ ਅਤੇ ਹੱਥ ਵਿਚ ਫੜੇ ਹੋਏ ਸਿਹਰੇ ਨੂੰ ਟੇਬਲ 'ਤੇ ਰੱਖਦੀ ਹੈ।]

ਮੇਰਾ ਖਸਮ ਜਦੋਂ ਪਹਿਲੀ ਵਾਰ ਮੇਰੇ ਕੋਲੋਂ ਬੱਚੇ ਖੋਹ ਕੇ ਲੈ ਗਿਆ ਸੀ...ਮੀਆਂਵਾਲੀ...ਤਾਂ ਮੈਂ ਹੱਦ ਤੋਂ ਜ਼ਿਆਦਾ ਪ੍ਰੇਸ਼ਾਨ ਸੀ। ਇਕੱਲੀ ਮੀਆਂਵਾਲੀ ਜਾ ਪਹੁੰਚੀ। ਅਣਜਾਣ ਰਸਤੇ, ਅਜੀਬ ਤਰ੍ਹਾਂ ਦੇ ਲੋਕ ਅਤੇ ਮੇਰੇ ਕੋਲ ਅਡਰੈੱਸ ਤਕ ਨਹੀਂ ਸੀ। ਏਨਾ ਪਤਾ ਸੀ ਕਿ ਚਸ਼ਮਾ ਬੇਰਾਜ ਦੇ ਨੇੜੇ ਘਰ ਹੈ। ਮੈਂ ਚਸ਼ਮਾ ਬੇਰਾਜ ਦੇ ਕਿਨਾਰੇ ਖੜ੍ਹੀ ਹੋ ਗਈ : 'ਐ ਬੇਰਾਜ ! ਤੂੰ ਤਾਂ ਮੇਰੇ ਨਾਲ ਏ ਨਾ ! ਅੱਜ ਮੇਰੇ ਲਈ ਤੂੰ ਦੁਆ ਕਰੀਂ, ਅੱਜ ਮੈਂ ਕੋਈ ਦੁਆ ਨਹੀਂ ਮੰਗਾਂਗੀ...ਕਿ ਮਾਵਾਂ ਦੁਆਵਾਂ ਤੋਂ ਵੱਡੀਆਂ ਹੁੰਦੀਆਂ ਹਨ'...ਬੜੀ ਮੁਸ਼ਕਿਲ ਨਾਲ ਘਰ ਲੱਭਾ। ਮੈਂ ਦਰਵਾਜ਼ਾ ਖੜਕਾਇਆ। ਅੰਦਰੋਂ ਮੇਰਾ ਖਸਮ ਨਿਕਲਿਆ:

—ਕੁੱਤੀਏ ! ਏਥੇ ਵੀ ਪਹੁੰਚ ਗਈ !

—ਹਾਂ ਯਜ਼ੀਦ ! ਮੈਂ ਏਥੇ ਵੀ ਪਹੁੰਚ ਗਈ।

—ਕਾਹਦੇ ਲਈ ਆਈ ਏਂ ?

—ਮੈਨੂੰ ਮੇਰਾ ਹਕੇ-ਮੇਹਰ ਦੇ ਅਤੇ ਮੇਰੇ ਬੱਚੇ ਵਾਪਸ ਕਰ।

—ਤੂੰ ਇਸ ਲਾਇਕ ਕਿੱਥੇ ਕਿ ਤੈਨੂੰ ਹਕੇ-ਮੇਹਰ ਦਿੱਤਾ ਜਾਵੇ ਤੇ ਰਹੇ ਬੱਚੇ...ਉਨ੍ਹਾਂ ਨੂੰ ਵੇਖਣ ਦਾ ਤੈਨੂੰ ਹੱਕ ਵੀ ਨਹੀਂ।

—ਵੇਖ ਲਵੀਂ, ਮੈਂ ਹਕੇ-ਮੇਹਰ ਵੀ ਵਸੂਲ ਕਰਾਂਗੀ ਤੇ ਆਪਣੇ ਬੱਚੇ ਵੀ ਲੈ ਜਾਵਾਂਗੀ। ਮੈਂ ਫਿਰ ਆਵਾਂਗੀ।

[ਉਹ ਮੇਜ਼ 'ਤੇ ਬੈਠ ਜਾਂਦੀ ਹੈ।]

ਘਰਵਾਲੇ ਨੇ ਜਿਹੜਾ ਮਕਾਨ ਮੇਰੇ ਨਾਂ ਕੀਤਾ ਸੀ, ਉਸ ਨੂੰ ਬੜੀ ਮੁਸ਼ਕਿਲ ਨਾਲ ਖ਼ਾਲੀ ਕਰਵਾਇਆ ਅਤੇ ਇਕ ਲੱਖ ਰੁਪਏ ਵਿਚ ਵੇਚ ਦਿੱਤਾ। ਰਕਮ ਬ੍ਰੀਫ਼ਕੇਸ ਵਿਚ ਰੱਖੀ ਅਤੇ ਮੀਆਂਵਾਲੀ ਦਾ ਟਿਕਟ ਕਟਵਾਇਆ...ਹਵਾਈ ਜਹਾਜ਼ ਵਿਚ ਸਿਰਫ਼ ਡੇਢ ਘੰਟਾ ਲੱਗਾ। ਮੀਆਂਵਾਲੀ ਪਹੁੰਚੀ, ਦਰਵਾਜ਼ਾ ਖੜਕਾਇਆ।

ਉਹਨੇ ਕਿਹਾ :

—ਅੰਦਰ ਆ ਜਾ !

ਰਕਮ ਮੈਂ ਇਕ ਹੋਟਲ ਵਿਚ ਰੱਖ ਆਈ ਸਾਂ। ਮੈਂ ਕਿਹਾ :

—ਸ਼ੌਹਰ ਸਾਹਿਬ ! ਮੈਂ ਤੇਰੇ ਕੋਲੋਂ ਦੁਗਣਾ ਹਕੇ-ਮੇਹਰ ਵਸੂਲ ਕਰ ਲਿਆ ਹੈ'।

ਉਹ ਮੁਸਕੁਰਾਉਂਦਾ ਹੋਇਆ ਉੱਠਿਆ ਅਤੇ ਜਿਵੇਂ ਹੀ ਮੈਂ ਵਿਹੜੇ ਵਿਚ ਕਦਮ ਰੱਖਿਆ ਦੋ ਆਦਮੀ ਮੇਰੇ ਉੱਪਰ ਝਪਟ ਪਏ। ਦੋਵਾਂ ਦੇ ਹੱਥਾਂ ਵਿਚ ਰਾਈਫਲ ਸੀ।

ਖਸਮ ਨੇ ਪੁੱਛਿਆ :

—ਰਕਮ ਕਿੱਥੇ ਹੈ ?'

ਮੈਂ ਆਖਿਆ :

ਰਕਮ ਲੈ ਲਓ ਤੇ ਬੱਚੇ ਦੇ ਦਿਓ !

—ਸ਼ਰਾਫ਼ਤ ਨਾਲ ਰਕਮ ਦੇ ਦੇ, ਨਹੀਂ ਤਾਂ ਗੋਲੀਆਂ ਨਾਲ ਭੁੰਨ ਸੁੱਟਾਂਗਾ !

ਮੇਰੇ ਬੱਚੇ ਆਸ-ਪਾਸ ਹੀ ਘੁੰਮ ਰਹੇ ਸਨ ਪਰ ਮੈਂ ਉਨ੍ਹਾਂ ਨੂੰ ਚੁੰਮ ਨਹੀਂ ਸਾਂ ਸਕਦੀ। ਏਨੇ ਚਿਰ ਵਿਚ ਰਾਈਫ਼ਲ ਵਾਲੇ ਆਦਮੀ ਨੇ ਜ਼ਰਾ ਜਹੀ ਅੱਖ ਝਮੱਕੀ ਤੇ ਮੈਂ ਦਨਦਨਾਉਂਦੀ ਹੋਈ ਬਾਹਰ ਭੱਜੀ। ਮੈਂ ਖੁੱਲ੍ਹੇ ਵਾਲ, ਨੰਗੇ ਪੈਰੀਂ ਮੈਦਾਨ ਵਿਚ ਬੇਤਹਾਸ਼ਾ ਭੱਜੀ ਜਾ ਰਹੀ ਸਾਂ ਅਤੇ ਬੰਦੂਕਾਂ ਦੀ ਠਾਹ-ਠਾਹ ਲਗਾਤਾਰ ਮੇਰਾ ਪਿੱਛਾ ਕਰ ਰਹੀ ਸੀ। ਕਦੇ ਕੋਈ ਗੋਲ਼ੀ ਸਨਸਨਾਉਂਦੀ ਹੋਈ ਮੇਰੇ ਸੱਜਿਓਂ, ਕਦੇ ਖੱਬਿਓਂ ਤੇ ਕਦੇ ਸਿਰ ਦੇ ਉਪਰੋਂ ਲੰਘਦੀ। ਏਨੇ ਨੂੰ ਇਕ ਜੀਪ ਰੁਕੀ ਅਤੇ ਕਿਸੇ ਨੇ ਮੈਨੂੰ ਚੁੱਕ ਕੇ ਜੀਪ ਵਿਚ ਸੁੱਟ ਦਿੱਤਾ। ਮੈਂ ਲਗਾਤਾਰ ਰੋਈ ਜਾ ਰਹੀ ਸੀ ਕਿ ਅਚਾਨਕ ਮੇਰੇ ਸਿਰ 'ਤੇ ਕਿਸੇ ਨੇ ਹੱਥ ਰੱਖਿਆ। ਮੈਂ ਤ੍ਰਭਕ ਗਈ। ਮੈਨੂੰ ਬਚਾਉਣ ਵਾਲਾ ਇਕ ਮੇਜਰ ਸੀ। ਮੇਰੀ ਰਾਮ ਕਹਾਣੀ ਸੁਣਨ ਤੋਂ ਬਾਅਦ ਉਹਦੇ ਮੂੰਹੋਂ ਬਸ ਏਨਾ ਨਿਕਲਿਆ :

—ਧੀਏ ! ਅਸੀਂ ਦੇਹਾਤੀ ਲੋਕ ਔਲਾਦ ਨਾਲੋਂ ਜ਼ਿਆਦਾ ਇੱਜ਼ਤ ਨੂੰ ਅਹਿਮੀਅਤ ਦੇਂਦੇ ਹਾਂ, ਤੂੰ ਕਿਉਂ ਜ਼ਲੀਲ ਹੁੰਦੀ ਏਂ !

ਅਤੇ ਮੈਂ ਖ਼ਾਮੋਸ਼ੀ ਨਾਲ 'ਇੱਜ਼ਤ ਇੱਜ਼ਤ ਇੱਜ਼ਤ' ਦੁਹਰਾਉਂਦੀ ਰਹੀ।

[ਉਹ ਟਹਿਲਦੀ ਹੋਈ ਮੰਚ ਦੇ ਵਿਚਕਾਰ ਆ ਜਾਂਦੀ ਹੈ।]

ਤਲਾਕ ਤੋਂ ਬਾਅਦ ਮੈਂ ਮਾਂ ਦੇ ਘਰ ਨਹੀਂ ਗਈ ਬਲਕਿ ਗੁਆਂਢ ਵਿਚ ਇਕ ਵਿਧਵਾ ਔਰਤ ਦਾ ਕਮਰਾ ਕਿਰਾਏ 'ਤੇ ਲੈ ਲਿਆ। ਮੈਂ ਰੋਜ਼ ਘਰ ਦੀਆਂ ਝੀਥਾਂ ਵਿਚੋਂ ਝਾਕ ਕੇ ਆਪਣੇ ਬੱਚਿਆਂ ਨੂੰ ਵੇਖ ਕੇ ਵਾਪਸ ਆ ਜਾਂਦੀ। ਆਪਣੇ ਹੀ ਬੱਚਿਆਂ ਨੂੰ ਵੇਖਣ ਲਈ ਤਾਕ-ਝਾਕ ਕਰਨਾ ਮੈਨੂੰ ਆਪਣੀ ਮਮਤਾ ਦੀ ਤੌਹੀਨ ਲੱਗਦੀ, ਸੋ ਕਦੇ-ਕਦੇ ਮੈਂ ਖ਼ੁਦ ਹੀ ਉਨ੍ਹਾਂ ਨੂੰ ਮਿਲਣ ਚਲੀ ਜਾਂਦੀ। ਇਕ ਵਾਰ ਇਕ ਬੱਚੇ ਨੂੰ ਬਹਿਲਾ-ਫੁਸਲਾ ਕੇ ਮੈਂ ਅਲੱਗ ਕਮਰੇ ਵਿਚ ਲੈ ਗਈ ਤੇ ਕਿਹਾ :

—ਬੇਟਾ ! ਮੈਨੂੰ ਇਕ ਵਾਰ ਮਾਂ ਕਹਿ ਦੇ ! ਬਸ ਇਕ ਵਾਰ।

ਪਰ ਉਹਨੇ ਮਾਂ ਨਹੀਂ ਆਖਿਆ । ਮੇਰੀਆਂ ਹਿਚਕੀਆਂ ਬੱਝ ਗਈਆਂ ਅਤੇ ਉਹ ਡਰਦਾ ਮਾਰਾ ਕਮਰੇ ਵਿਚੋਂ ਭੱਜ ਗਿਆ। "ਮੇਰਾ ਹਰ ਅੱਥਰੂ ਜ਼ਮੀਨ 'ਤੇ ਵਹਿੰਦਾ ਰਿਹਾ।" ਮੈਂ ਤਿੰਨ ਇਨਸਾਨ ਜੰਮਣ ਤੋਂ ਬਾਅਦ ਵੀ ਇਕੱਲੀ ਸਾਂ।

ਦੋ ਸਾਲ ਤਕ ਇਹੋ ਚੱਕਰ ਚੱਲਦਾ ਰਿਹਾ। ਫਿਰ ਮੈਂ ਕੇਸ ਲੜਿਆ ਅਤੇ ਦੋ ਸਾਲ ਤਕ ਕਟਹਿਰੇ ਵਿਚ ਜਾ ਕੇ ਖੜ੍ਹੀ ਹੁੰਦੀ ਰਹੀ। ਤਰੀਕ ਪਈ। ਇਕ ਕਟਹਿਰੇ ਵਿਚ ਮੈਂ ਅਤੇ ਦੂਸਰੇ ਵਿਚ ਬੱਚਿਆਂ ਦਾ ਪਿਉ ਖਲੋਤਾ ਸੀ। ਬੱਚਿਆਂ ਦਾ ਪਿਉ ਚੀਕਿਆ :

—ਜੱਜ ਸਾਹਿਬ ! ਮੇਰੀ ਬੀਵੀ ਬਦਚਲਨ ਹੈ, ਬਦਕਿਰਦਾਰ ਹੈ। ਦੂਸਰੇ ਮਰਦਾਂ ਨਾਲ ਘੁੰਮਦੀ-ਫਿਰਦੀ ਹੈ।

ਮੈਂ ਆਖਿਆ :

—ਜੱਜ ਸਾਹਿਬ ! ਇਹ ਆਦਮੀ ਬਿਲਕੁਲ ਸੱਚ ਬੋਲ ਰਿਹਾ ਹੈ। ਮੈਂ ਅਵਾਰਾ ਵੀ ਹਾਂ ਅਤੇ ਬਦਚਲਨ ਵੀ। ਇਸ ਲਈ ਇਕਬਾਲ ਕਰਦੀ ਹਾਂ ਕਿ ਇਹ ਬੱਚੇ ਇਸ ਆਦਮੀ ਦੇ ਨਹੀਂ ਹਨ। ਅਦਾਲਤ ਮੈਨੂੰ ਇਸ ਗੱਲ ਦੀ ਇਜਾਜ਼ਤ ਦੇਵੇ ਕਿ ਮੈਂ ਬੱਚਿਆਂ ਨੂੰ ਉਨ੍ਹਾਂ ਦੇ ਅਸਲੀ ਪਿਉ ਤਕ ਪਹੁੰਚਾ ਸਕਾਂ। ਸੋ ਫ਼ੈਸਲਾ ਮੇਰੇ ਹੱਕ ਵਿਚ ਹੋ ਗਿਆ। ਮੈਂ ਪੁਲਿਸ ਨਾਲ ਗਈ ਅਤੇ ਬੱਚੇ ਬਰਾਮਦ ਕਰਕੇ ਕਰਾਚੀ ਆ ਗਈ। ਏਨੇ ਅਰਸੇ ਵਿਚ ਬੱਚੇ ਬਾਪ ਤੋਂ ਦੂਰ ਹੋ ਚੁੱਕੇ ਸਨ ਅਤੇ ਉਸ ਨੂੰ ਯਾਦ ਕਰਦੇ ਸਨ। ਮੈਨੂੰ ਵੀ ਦੁੱਖ ਹੁੰਦਾ ਸੀ। ਖ਼ੈਰ, ਕੁਝ ਦਿਨਾਂ ਬਾਅਦ ਉਹ ਮੇਰੇ ਕੋਲੋਂ ਦੂਰ ਹੋ ਗਏ ਅਤੇ ਮੈਂ ਉਨ੍ਹਾਂ ਨੂੰ ਸਕੂਲ ਦਾਖ਼ਲ ਕਰਵਾ ਦਿੱਤਾ। ਖ਼ੁਦ ਮੀਨਾ ਬਾਜ਼ਾਰ ਵਿਚ ਰੈਡੀਮੇਡ ਦੀ ਦੁਕਾਨ ਖੋਲ੍ਹ ਲਈ। ਬੱਚੇ ਸਕੂਲ ਤੋਂ ਦੁਕਾਨ 'ਤੇ ਆ ਜਾਂਦੇ ਅਤੇ ਮੈਂ ਦੁਕਾਨ ਉੱਪਰ ਹੀ ਬੱਚਿਆਂ ਨੂੰ ਪੜ੍ਹਾਉਂਦੀ।

[ਉਹ ਰਾਕਿੰਗ ਚੇਅਰ ਵੱਲ ਵਧਦੀ ਹੈ ਤੇ ਉਹਦੇ ਨਾਲ ਪਿੱਠ ਲਾ ਕੇ ਖਲੋ ਜਾਂਦੀ ਹੈ।]

ਇਕ ਦਿਨ ਮੇਰੇ ਦਰਵਾਜ਼ੇ 'ਤੇ ਬੱਚਿਆਂ ਦਾ ਪਿਉ ਆਇਆ। ਉਹਨੂੰ ਬੱਚਿਆਂ ਨਾਲ ਮਿਲਣ ਤੋਂ ਮਨ੍ਹਾ ਕਰ ਦਿਆਂ, ਇਹ ਮੇਰੇ ਦਿਲ ਨੇ ਗਵਾਰਾ ਨਹੀਂ ਕੀਤਾ। ਮੈਂ ਉਹਨੂੰ ਉੱਪਰ ਫਲੈਟ ਵਿਚ ਬੁਲਾ ਲਿਆ ਅਤੇ ਬੱਚਿਆਂ ਨੂੰ ਉਹਦੇ ਨਾਲ ਕਮਰੇ ਵਿਚ ਇਕੱਲਾ ਛੱਡ ਦਿੱਤਾ। ਚਾਹ ਦੇਣ ਗਈ ਤਾਂ ਉਹਦੇ ਹੱਥਾਂ ਵਿਚ ਕੁਰਾਨ ਸੀ। ਉਹਨੇ ਕੁਰਾਨ 'ਤੇ ਹੱਥ ਰੱਖ ਕੇ ਕਿਹਾ :

—ਸਿਰਫ਼ ਕੁਝ ਦਿਨਾਂ ਲਈ ਬੱਚੇ ਮੈਨੂੰ ਦੇ ਦੇ। ਕੁਝ ਦਿਨਾਂ ਬਾਅਦ ਉਨ੍ਹਾਂ ਨੂੰ ਵਾਪਸ ਲੈ ਆਵਾਂਗਾ। ਆਹ ਤੱਕ, ਮੇਰੇ ਹੱਥ ਵਿਚ ਕੁਰਾਨ ਹੈ, ਝੂਠ ਨਹੀਂ ਬੋਲਾਂਗਾ। ਫਿਰ ਵੀ ਕਾਨੂੰਨੀ ਤੌਰ 'ਤੇ ਕੁਝ ਕਰਨਾ ਚਾਹੇ ਤਾਂ ਮੈਂ ਉਹਦੇ ਲਈ ਵੀ ਤਿਆਰ ਹਾਂ।

—ਜਦ ਤੂੰ ਕੁਰਾਨ ਹੀ ਚੁੱਕ ਲਈ ਹੈ ਤਾਂ ਮੈਂ ਕੁਝ ਹੋਰ ਨਹੀਂ ਕਰਨਾ ਚਾਹੁੰਦੀ।

ਮੈਂ ਖ਼ੁਦ ਬੱਚਿਆਂ ਨੂੰ ਜਹਾਜ਼ ਚੜ੍ਹਾਉਣ ਗਈ ਤੇ ਉਨ੍ਹਾਂ ਨੂੰ ਅਲਵਿਦਾ ਕਿਹਾ :

—ਜਾਓ ! ਤੁਹਾਨੂੰ ਖ਼ੁਦਾ ਦੇ ਹਵਾਲੇ ਕੀਤਾ !

[ਉਹ ਰਾਕਿੰਗ ਚੇਅਰ ਨੂੰ ਧੱਕਾ ਦੇਂਦੀ ਹੈ ਜਿਵੇਂ ਕਾਗ਼ਜ਼ ਦੀ ਕਿਸ਼ਤੀ ਨੂੰ ਪਾਣੀ ਵਿਚ ਚਲਾਉਣ ਦਾ ਯਤਨ ਕਰ ਰਹੀ ਹੋਵੇ। ਚੇਅਰ ਅੱਗੇ-ਪਿੱਛੇ ਝੂਲਣ ਲੱਗਦੀ ਹੈ ਅਤੇ ਉਹ ਉਹਨੂੰ ਤੱਕਦੀ ਰਹਿੰਦੀ ਹੈ।]

ਕਈ ਮਹੀਨੇ ਗੁਜ਼ਰ ਗਏ, ਮੇਰੇ ਬੱਚੇ ਵਾਪਸ ਨਹੀਂ ਆਏ। ਮਹੀਨਿਆਂ ਤੋਂ ਸਾਲ ਅਤੇ ਸਾਲ ਤੋਂ ਦੋ ਸਾਲ ਅਤੇ ਫਿਰ ਕਈ ਸਾਲ...ਇਸ ਵਾਰ ਇਨਸਾਨ ਹੀ ਨਹੀਂ, ਕੁਰਾਨ ਦਾ ਵੀ ਇਮਤਿਹਾਨ ਸੀ। ਜਦੋਂ ਅਦਾਲਤ ਵਿਚ ਖ਼ੁਦ ਨੂੰ ਬਦਚਲਨ, ਬਦਕਿਰਦਾਰ ਕਿਹਾ ਸੀ ਤਦ ਵੀ ਮੇਰੇ ਤੇ ਪਤੀ ਦਰਮਿਆਨ ਕੁਰਾਨ ਸੀ ਅਤੇ ਜਦੋਂ ਮੇਰੇ ਕੋਲੋਂ ਬੱਚੇ ਖੋਹ ਲਏ ਗਏ, ਤਦ ਵੀ ਮੇਰੇ ਤੇ ਪਤੀ ਦਰਮਿਆਨ ਓਹੀ ਕੁਰਾਨ ਸੀ। ਮੈਂ ਜਦੋਂ ਵੀ ਆਪਣੇ ਬੱਚਿਆਂ ਦਾ ਨਾਂ ਲੈਂਦੀ ਤਾਂ ਮੈਨੂੰ ਕੁਰਾਨ ਦੀ ਯਾਦ ਆ ਜਾਂਦੀ ਅਤੇ ਮੇਰੀ ਕੁੱਖ ਵਿਚ ਦਰਦ ਹੋਣ ਲੱਗਦਾ... ਆਦਿਵਾਸੀਆਂ ਵਿਚ ਹਰੇਕ ਬੱਚੇ ਨੂੰ ਇਕ ਕਹਾਣੀ ਸੁਣਾਈ ਜਾਂਦੀ ਹੈ ਕਿ ਅਸਮਾਨ ਵਿਚ ਜਿਹੜੇ ਬੱਦਲ ਗਰਜਦੇ ਹਨ ਉਨ੍ਹਾਂ ਵਿਚ ਦਰਅਸਲ ਛੋਟੇ-ਛੋਟੇ ਬੱਚਿਆਂ ਦੀ ਰੂਹ ਕੈਦ ਹੁੰਦੀ ਹੈ। ਇਹ ਬੱਚੇ ਬੱਦਲਾਂ ਵਿਚ ਵਿਲਕਦੇ ਹਨ ਤੇ ਜ਼ਮੀਨ ਵੱਲ ਵੇਖਦੇ ਰਹਿੰਦੇ ਹਨ ਕਿ ਕਦੋਂ ਉਨ੍ਹਾਂ ਨੂੰ ਕਿਸੇ ਮਾਂ ਦੀ ਕੁੱਖ ਨਸੀਬ

ਹੋਵੇਗੀ...[ਮੌਨ]



ਮੇਰੇ ਕਬੀਲੇ ਦੀ ਕੁੱਖ ’ਚੋਂ
ਜਦੋਂ ਸਿਰਫ਼ ਚੀਖ਼ ਪੈਦਾ ਹੋਈ
ਤਾਂ ਮੈਂ ਗੋਦ ਵਿਚੋਂ ਬੱਚਾ ਸੁੱਟ ਦਿੱਤਾ
ਅਤੇ ਚੀਖ਼ ਨੂੰ ਗੋਦ ਲੈ ਲਿਆ

[ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ ਅਤੇ ਸਾਰਾ ਮੰਚ ਹਨੇਰੇ ਵਿਚ ਡੁੱਬ ਜਾਂਦਾ ਹੈ। ਜਦੋਂ ਮੰਚ ਉੱਤੇ ਰੌਸ਼ਨੀ ਦੁਬਾਰਾ ਹੁੰਦੀ ਹੈ ਤਾਂ ਸਾਰਾ ਕਾਲੇ ਕਬਾੜ ’ਚੋਂ ਕੁਝ ਕੱਢ ਰਹੀ ਹੁੰਦੀ ਹੈ। ਥੋੜ੍ਹੀ ਦੇਰ ਦੀ ਕੋਸ਼ਿਸ਼ ਤੋਂ ਬਾਅਦ ਇਕ ਲਾਲ ਦੁਪੱਟਾ ਉਹਦੇ ਹੱਥ ਲੱਗਦਾ ਹੈ, ਜਿਸ ਨੂੰ ਉਹ ਦੁਲਹਨ ਵਾਂਗ ਸਿਰ ’ਤੇ ਲੈ ਲੈਂਦੀ ਹੈ।]

ਸੱਚ ਤਾਂ ਇਹ ਹੈ ਕਿ ਮੈਂ ਰੋਟੀ ਨਾਲੋਂ ਜ਼ਿਆਦਾ ਇਨਸਾਨ ਦੀ ਤਲਾਸ਼ ਵਿਚ ਸਾਂ।

[ਉਹ ਉੱਠਦੀ ਹੈ ਅਤੇ ਛੋਟੇ-ਛੋਟੇ ਕਦਮ ਪੁੱਟਦੀ ਹੋਈ ਮੰਚ ਦੇ ਅਗਲੇ ਹਿੱਸੇ ਵਿਚ ਆਉਂਦੀ ਹੈ।]

ਮੇਰੇ ਨਾਲ ‘ਫ਼ੈਮਿਲੀ ਪਲੈਨਿੰਗ’ ਵਿਚ ਇਕ ਸ਼ਾਇਰ ਨੌਕਰੀ ਕਰਦਾ ਸੀ। ਮੈਂ ਬਹੁਤ ਬਾਨਿਮਾਜ਼ ਹੁੰਦੀ ਸਾਂ। ਘਰ ਤੋਂ ਦਫ਼ਤਰ ਤਕ ਦਾ ਰਸਤਾ ਬੜੀ ਮੁਸ਼ਕਿਲ ਨਾਲ ਯਾਦ ਕੀਤਾ ਸੀ। ਬਸ ਏਨਾ ਪਤਾ ਸੀ ਕਿ ਸ਼ਾਇਰ ਲੋਕ ਬੜੀ ਅੱਵਲ ਕਿਸਮ ਦੇ ਲੋਕ ਹੁੰਦੇ ਹਨ। ਇਕ ਦਿਨ ਸ਼ਾਮ ਨੂੰ ਸ਼ਾਇਰ ਸਾਹਿਬ ਨੇ ਮੈਨੂੰ ਆਖਿਆ :

—ਮੈਂ ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ।

ਫਿਰ ਇਕ ਰੈਸਟੋਰੈਂਟ ਵਿਚ ਮੁਲਾਕਾਤ ਹੋਈ। ਉਹਨੇ ਆਖਿਆ :

—ਵਿਆਹ ਕਰੇਂਗੀ ?

ਅਤੇ ਦੂਸਰੀ ਮੁਲਾਕਾਤ ਵਿਚ ਵਿਆਹ ਪੱਕਾ ਹੋ ਗਿਆ।

ਹੁਣ ਕਾਜ਼ੀ ਲਈ ਪੈਸੇ ਨਹੀਂ ਸਨ। ਮੈਂ ਆਖਿਆ :

—ਅੱਧੀ ਫ਼ੀਸ ਤੂੰ ਉਧਾਰ ਲੈ ਲਾ, ਅੱਧੀ ਮੈਂ ਉਧਾਰ ਲੈ ਲੈਂਦੀ ਹਾਂ। ਕਿਉਂਕਿ ਮੇਰੇ ਘਰਵਾਲੇ ਸ਼ਰੀਕ ਨਹੀਂ ਹੋਣਗੇ, ਮੇਰੀ ਵੱਲੋਂ ਗਵਾਹ ਵੀ ਤੂੰ ਹੀ ਲੈ ਆਵੀਂ। ਇਕ ਦੋਸਤ ਕੋਲੋਂ ਮੈਂ ਕੱਪੜੇ ਉਧਾਰ ਮੰਗੇ ਅਤੇ ਵਿਆਹ ਹੋ ਗਿਆ। ਕਾਜ਼ੀ ਸਾਹਿਬ ਨੇ ਫ਼ੀਸ ਤੋਂ ਇਲਾਵਾ ਮਠਿਆਈ ਦਾ ਡੱਬਾ ਵੀ ਮੰਗਵਾ ਲਿਆ। ਸੋ ਸਾਡੇ ਕੋਲ ਸਿਰਫ਼ ਛੇ ਰੁਪਏ ਬਚ ਗਏ। ਆਪਣੇ ਝੌਂਪੜੇ ਤਕ ਪਹੁੰਚਦੇ-ਪਹੁੰਚਦੇ ਜੇਬ ਵਿਚ ਸਿਰਫ਼ ਦੋ ਰੁਪਏ ਬਚੇ ਸਨ।

ਮੈਂ ਲਾਲਟੇਨ ਦੀ ਰੌਸ਼ਨੀ ਵਿਚ ਘੁੰਡ ਕੱਢ ਕੇ ਬੈਠੀ ਸਾਂ। ਸ਼ਾਇਰ ਨੇ ਕਿਹਾ :

—ਦੋ ਰੁਪਏ ਹੋਣਗੇ। ਬਾਹਰ ਮੇਰੇ ਦੋਸਤ ਕਿਰਾਏ ਤੋਂ ਅਵਾਜ਼ਾਰ ਬੈਠੇ ਹਨ।

ਉਹ ਦੋ ਰੁਪਏ ਵੀ ਚਲੇ ਗਏ। ਕੁਝ ਦਿਨਾਂ ਬਾਅਦ ਫ਼ਰਮਾਇਆ :

—ਸਾਡੇ ਖਾਨਦਾਨ ਵਿਚ ਘਰਵਾਲੀਆਂ ਨੌਕਰੀ ਨਹੀਂ ਕਰਦੀਆਂ।

ਸੋ, ਨੌਕਰੀ ਵੀ ਗਈ।

[ਟਹਿਲਦੇ ਹੋਏ ਮੰਚ ਦੇ ਵਿਚਕਾਰ ਆਉਂਦੀ ਹੈ।]

ਘਰ ਵਿਚ ਰੋਜ਼ ਹੀ ਪੜ੍ਹੇ-ਲਿਖੇ ਲੋਕਾਂ ਦੀ ਮਹਿਫ਼ਲ ਸੱਜਦੀ। ਲੋਕ ਇਲੀਅਟ ਦੀ ਤਰ੍ਹਾਂ ਬੋਲਦੇ ਅਤੇ ਸੁਕਰਾਤ ਵਾਂਗ ਸੋਚਦੇ। ਘਰ ਅੰਦਰ ਰੋਜ਼ ਫ਼ਲਸਫ਼ੇ ਪੱਕਦੇ ਅਤੇ ਸ਼ਾਇਰੀ ਸੁਣਾਈ ਜਾਂਦੀ। ਸੱਜੇ ਪਾਸੇ ਬੈਠਾ ਸ਼ਖ਼ਸ ਫਰਮਾਉਂਦਾ : ਜਨਾਬੇ ਮਨ ! From Mundane to sublime ਸਾਡੀ ਰਵਾਇਤ ਰਹੀ ਹੈ, ਖੱਬੇ ਪਾਸੇ ਬੈਠੇ ਹਜ਼ਰਤ ਤੁਰੰਤ ਆਪਣੇ ਰੰਗ ਵਿਚ ਆ ਜਾਂਦੇ : ਆਹ ਵੇਖੋ ! ਅਮੀਰ ਖੁਸਰੋ ਨੇ ਕਿੰਨਾ ਸੋਹਣਾ ਲਿਖਿਆ ਹੈ। ਕਹਿੰਦੇ ਨੇ : ਸ਼ਬਾਨੇ ਹਿਜ੍ਰਾਂ ਦਰਾਜ਼ ਚੂੰ ਜ਼ੁਲਫ਼ ਯਾਨਿ ਜੁਦਾਈ ਕੀ ਰਾਤ ਇਤਨੀ ਲੰਬੀ ਜਿਤਨੀ ਕਿ ਤੁਮ੍ਹਾਰੀ ਜ਼ੁਲਫ਼। ਔਰ ਰੋਜ਼ੇ ਵਸਲਸ਼ ਚੂੰ ਉਮ੍ਰ ਕੋਤਹ ਭਾਵ ਮਿਲਣ ਦੇ ਦਿਨ ਏਨੇ ਛੋਟੇ ਜਿੰਨੀ ਸਾਡੀ ਉਮਰ, ਵਿਚਕਾਰ ਬੈਠੇ ਮੇਰੇ ਪਤੀ ਸਾਹਿਬ ਤੁਰੰਤ ਮਿਸਰਾ ਪੂਰਾ ਕਰਦੇ ਅਤੇ ਪੂਰੀ ਮਹਿਫ਼ਲ ਵਾਹ-ਵਾਹ ਦੀ ਗੂੰਜ ਨਾਲ ਗਰਮ ਹੋ ਜਾਂਦੀ। ਮੈਂ ਵਿਚਾਰੀ ਇਲਮ-ਓ-ਦਾਨਿਸ਼ ਦੀ ਰੌਸ਼ਨੀ ਨਾਲ ਚੁੰਧਿਆਈ ਹੋਈ ਕਦੀ ਸੱਜੇ ਤੱਕਦੀ, ਕਦੇ ਖੱਬੇ ਤੇ ਕਦੇ ਵਿਚਕਾਰ। ਹਜ਼ਰਤ ਅਮੀਰ ਖ਼ੁਸਰੋ ਦੀ ਕਦਮਬੋਸੀ ਲਈ ਸਿਰ ਝੁਕਾਉਂਦੀ ਤਾਂ ਹੁਕਮ ਹੁੰਦਾ : ‘ਜਾਓ, ਚਾਹ ਬਣਾ ਕੇ ਲਿਆ’ ਅਤੇ ਮੈਂ from sublime to mundane ਦੇ ਸਫ਼ਰ ’ਤੇ ਭੇਜ ਦਿੱਤੀ ਜਾਂਦੀ। ਰੋਜ਼-ਰੋਜ਼ ਦੀ

'ਵਾਹ–ਵਾਹ' ਆਂਢ–ਗੁਆਂਢ ਦੇ ਮਨ ਵਿਚ ਰੜਕਣ ਲੱਗੀ ਇਸ ਲਈ ਉਸ ਝੌਂਪੜੀ ਵਿਚੋਂ ਵੀ ਕੱਢ ਦਿੱਤੇ ਗਏ। ਉਹ ਵੀ ਕਿਰਾਏ 'ਤੇ ਸੀ। ਇਕ ਅੱਧਾ ਮਕਾਨ ਕਿਰਾਏ 'ਤੇ ਲਿਆ। ਮੈਂ ਚਟਾਈ 'ਤੇ ਲੇਟੀ ਕੰਧਾਂ ਗਿਣਦੀ ਰਹਿੰਦੀ ਅਤੇ ਆਪਣੀ ਜ਼ਹਾਲਤ 'ਤੇ ਸੜਦੀ–ਖਿਝਦੀ ਰਹਿੰਦੀ।

[ਉਹ ਟਹਿਲਦੀ ਹੋਈ ਮੇਜ਼ ਤਕ ਜਾਂਦੀ ਹੈ ਅਤੇ ਉਹਦੇ ਅੱਗੇ ਖੜ੍ਹੀ ਹੋ ਜਾਂਦੀ ਹੈ।]

ਮੈਨੂੰ ਸਤਵਾਂ ਮਹੀਨਾ ਲੱਗਾ। ਬਹੁਤ ਦਰਦ ਹੋ ਰਿਹਾ ਸੀ। ਪਰ ਬਰਨਾਰਡ ਸ਼ਾ ਦੇ ਚੇਲੇ ਲਈ ਕੁੱਖ ਦੇ ਦਰਦ ਦਾ ਕੋਈ ਮਤਲਬ ਨਹੀਂ ਸੀ। ਉਹਨੂੰ ਤਾਂ ਵੱਡੇ–ਵੱਡੇ ਦਰਦ ਸਨ। ਮੈਨੂੰ ਉਸੇ ਹਾਲਤ ਵਿਚ ਛੱਡ ਕੇ ਚਲਾ ਗਿਆ। ਜਦੋਂ ਦਰਦ ਅਤੇ ਵਧ ਗਿਆ ਤਾਂ ਮਕਾਨ–ਮਾਲਕਣ ਮੇਰੀਆਂ ਚੀਕਾਂ ਸੁਣ ਕੇ ਦੌੜੀ ਆਈ ਅਤੇ ਮੈਨੂੰ ਹਸਪਤਾਲ ਛੱਡ ਆਈ। ਮੇਰੀ ਕੁੱਖ ਵਿਚ ਬੇਪਨਾਹ ਦਰਦ ਅਤੇ ਮੇਰੇ ਹੱਥਾਂ ਵਿਚ ਸਿਰਫ਼ ਪੰਜ ਰੁਪਏ ਸਨ। ਥੋੜ੍ਹੀ ਦੇਰ ਬਾਅਦ ਮੁੰਡਾ ਹੋਇਆ। ਬਹੁਤ ਠੰਡ ਸੀ ਅਤੇ ਬੱਚੇ ਨੂੰ ਲਪੇਟਣ ਲਈ ਇਕ ਤੌਲੀਆ ਤਕ ਨਹੀਂ ਸੀ। ਡਾਕਟਰ ਨੇ ਮੇਰੇ ਬਰਾਬਰ ਬੱਚੇ ਨੂੰ ਸਟ੍ਰੇਚਰ 'ਤੇ ਲਿਟਾ ਦਿੱਤਾ। ਪੰਜ ਮਿੰਟ...ਬਸ ਪੰਜ ਮਿੰਟ ਲਈ...ਬੱਚੇ ਨੇ ਅੱਖਾਂ ਖੋਲ੍ਹੀਆਂ ਅਤੇ ਕਫ਼ਨ ਕਮਾਉਣ ਚਲਾ ਗਿਆ। ਉਦੋਂ ਤੋਂ...ਹਾਂ ਉਦੋਂ ਤੋਂ...ਮੇਰੇ ਜਿਸਮ ਵਿਚ ਅੱਖਾਂ ਭਰੀਆਂ ਹੋਈਆਂ ਹਨ...[ਮੌਨ]...।

ਸਿਸਟਰ ਮੈਨੂੰ ਵਾਰਡ ਵਿਚ ਲਿਟਾ ਗਈ। ਮੈਂ ਸਿਸਟਰ ਨੂੰ ਆਖਿਆ :

—ਮੈਂ ਘਰ ਜਾਣਾ ਚਾਹੁੰਦੀ ਹਾਂ ਕਿਉਂਕਿ ਘਰ ਵਿਚ ਕਿਸੇ ਨੂੰ ਨਹੀਂ ਪਤਾ।

ਸਿਸਟਰ ਨੇ ਜਵਾਬ ਦਿੱਤਾ :

—ਤੇਰੇ ਜਿਸਮ ਵਿਚ ਜ਼ਹਿਰ ਫੈਲਣ ਦਾ ਡਰ ਹੈ। ਬਿਸਤਰ 'ਤੇ ਲੇਟੀ ਰਹਿ ਅਤੇ ਜਦੋਂ ਤਕ ਤੇਰਾ ਘਰ ਵਾਲਾ ਫ਼ੀਸ ਨਹੀਂ ਦੇ ਜਾਂਦਾ ਤਦ ਤਕ ਤੂੰ ਘਰ ਨਹੀਂ ਜਾ ਸਕਦੀ।

ਪਰ ਹੁਣ ਆਰਾਮ ਤਾਂ ਕਿਤੇ ਵੀ ਨਹੀਂ ਸੀ। ਹੁਣ ਮੇਰੇ ਕੁੱਛੜ ਮੁਰਦਾ ਬੱਚਾ ਅਤੇ ਹੱਥ ਵਿਚ ਪੰਜ ਰੁਪਏ ਸਨ। ਮੈਂ ਕਿਹਾ :

—ਉਹ ਨਹੀਂ ਆਵੇਗਾ। ਮੈਂ ਫ਼ੀਸ ਦੇ ਪੈਸੇ ਲੈ ਕੇ ਆਉਂਦੀ ਹੈ। ਤੇਰੇ ਕੋਲ ਮੇਰਾ ਮੁਰਦਾ ਬੱਚਾ ਅਮਾਨਤ ਹੈ। ਭੱਜਾਂਗੀ ਨਹੀਂ।

ਮੈਂ ਪੌੜੀਆਂ ਉਤਰ ਗਈ। ਮੈਨੂੰ ਇਕ ਸੌ ਪੰਜ ਡਿਗਰੀ ਬੁਖ਼ਾਰ ਸੀ। ਬੱਸ 'ਤੇ ਚੜ੍ਹ ਗਈ। ਘਰ ਪਹੁੰਚੀ ਤਾਂ ਮੇਰੀ ਛਾਤੀਆਂ 'ਚੋਂ ਦੁੱਧ ਵਗ ਰਿਹਾ ਸੀ। ਮਮਤਾ ਦੇ ਉਸ ਸਫ਼ੇਦ ਲਹੂ ਨੂੰ ਮੈਂ ਗਿਲਾਸ ਵਿਚ ਭਰ ਕੇ ਰੱਖ ਦਿੱਤਾ। ਏਨੇ ਨੂੰ ਸ਼ਾਇਰ ਅਤੇ ਉਹਦੇ ਦੋਸਤ ਤਸ਼ਰੀਫ਼ ਲੈ ਆਏ। ਮੈਂ ਸ਼ਾਇਰ ਨੂੰ ਕਿਹਾ :

—ਮੁੰਡਾ ਪੈਦਾ ਹੋਇਆ ਸੀ, ਮਰ ਗਿਆ...

ਉਹਨੇ ਸੁਣਿਆ, ਦੋਸਤਾਂ ਨੂੰ ਦੱਸਿਆ ਅਤੇ ਕਮਰੇ ਵਿਚ ਦੋ ਮਿੰਟ ਦੀ ਖ਼ਾਮੋਸ਼ੀ...ਬਿਲਕੁਲ ਸਰਕਾਰੀ ਖ਼ਾਮੋਸ਼ੀ...ਤੀਸਰੇ ਮਿੰਟ ਫਿਰ ਓਹੀ ਫ਼ਲਸਫ਼ੇ, ਓਹੀ ਸ਼ਾਇਰੀ...

—'ਫ਼ਰਾਇਡ ਬਾਰੇ ਤੇਰਾ ਕੀ ਖ਼ਿਆਲ ਹੈ ?'

—ਰਾਂਬੋ ਕੀ ਕਹਿੰਦਾ ਹੈ ?

—ਸ਼ੇਖ਼ ਸਾਅਦੀ ਨੇ ਕੀ ਕਿਹਾ ?

—ਵਾਰਿਸ ਸ਼ਾਹ ਬਹੁਤ ਵੱਡਾ ਆਦਮੀ ਸੀ।

ਇਹ ਗੱਲਾਂ ਤਾਂ ਮੈਂ ਰੋਜ਼ ਸੁਣਦੀ ਸੀ ਪਰ ਅੱਜ ਲਫ਼ਜ਼ ਕੁਝ ਜ਼ਿਆਦਾ ਹੀ ਸਾਫ਼ ਸੁਣਾਈ ਦੇ ਰਹੇ ਸਨ। ਮੈਨੂੰ ਇੰਞ ਲੱਗ ਰਿਹਾ ਸੀ ਜਿਵੇਂ ਫ਼ਰਾਇਡ, ਰਾਂਬੋ, ਸ਼ੇਖ਼ ਸਾਅਦੀ, ਵਾਰਸ ਸ਼ਾਹ—ਸਾਰੇ ਹੀ ਮੇਰੀ ਕੁੱਖ ਵਿਚੋਂ ਮੇਰਾ ਬੱਚਾ ਨੋਚ ਰਹੇ ਹੋਣ। ਮੈਂ ਉਥੋਂ ਇਕ ਚੀਖ਼ ਵਾਂਗ ਨਿਕਲ ਗਈ। ਹੁਣ ਮੇਰੇ ਹੱਥ ਵਿਚ ਤਿੰਨ ਰੁਪਏ ਸਨ। ਆਪਣੀ ਇਕ ਦੋਸਤ ਦੇ ਘਰ ਪਹੁੰਚੀ ਅਤੇ ਤਿੰਨ ਸੌ ਰੁਪਏ ਉਧਾਰ ਮੰਗੇ। ਉਹਨੇ ਦੇ ਦਿੱਤੇ ਅਤੇ ਪੁੱਛਿਆ : 'ਤੇਰੀ ਤਬੀਅਤ ਖ਼ਰਾਬ ਹੈ ?'

—ਬਸ ਥੋੜ੍ਹਾ ਜਿਹਾ ਬੁਖ਼ਾਰ ਹੈ। ਮੈਂ ਰੁਕ ਨਹੀਂ ਸਕਦੀ। ਇਹ ਪੈਸੇ ਕਿਸੇ ਨੂੰ ਦੇਣੇ ਹਨ।

ਹਸਪਤਾਲ ਪਹੁੰਚੀ। ਬਿੱਲ 295 ਰੁਪਏ ਦਾ ਸੀ। ਹੁਣ ਮੇਰੇ ਕੋਲ ਮੁੜ ਇਕ ਮੁਰਦਾ ਬੱਚਾ ਅਤੇ ਪੰਜ ਰੁਪਏ ਸਨ। ਮੈਂ ਡਾਕਟਰ ਨੂੰ ਕਿਹਾ : 'ਤੁਸੀਂ ਚੰਦਾ ਇਕੱਠਾ ਕਰਕੇ ਬੱਚੇ ਨੂੰ ਕਫ਼ਨ ਦੇ ਦਿਉ ਅਤੇ ਜਿਥੇ ਦਿਲ ਕਰੇ ਇਸ ਦੀ ਕ਼ਬਰ ਬਣਾ ਦਿਉ। ਉਸ ਦੀ ਅਸਲੀ ਕ਼ਬਰ ਤਾਂ ਮੇਰੇ ਦਿਲ ਵਿਚ ਬਣ ਚੁੱਕੀ ਸੀ। ਨੰਗੇ ਪੈਰ ਸੜਕ 'ਤੇ ਦੌੜਦੀ ਹੋਈ ਬੱਸ ਵਿਚ ਸਵਾਰ ਹੋਈ। ਕੰਡਕਟਰ ਨੇ ਸੋਚਿਆ ਹੋਵੇਗਾ ਕਿ ਸ਼ਾਇਦ ਕਿਸੇ ਸਦਮੇ ਕਰਕੇ ਇੰਜ ਹੋ ਗਈ ਹਾਂ। ਉਹਨੇ ਮੇਰੇ ਕੋਲੋਂ ਟਿਕਟ ਨਹੀਂ ਮੰਗੀ। ਬੱਸ ਤੋਂ ਉਤਰੀ ਅਤੇ ਕੰਡਕਟਰ ਦੇ ਹੱਥ ਵਿਚ ਆਖ਼ਰੀ ਪੰਜ ਰੁਪਏ ਫੜਾ ਦਿੱਤੇ। ਘਰ ਪਹੁੰਚੀ ਤਾਂ ਗਿਲਾਸ ਵਿਚ ਦੁੱਧ ਰੱਖਿਆ ਹੋਇਆ ਸੀ। ਕਫ਼ਨ ਨਾਲੋਂ ਵੀ ਜ਼ਿਆਦਾ ਸਫ਼ੇਦ। ਮੈਂ ਆਪਣੇ ਦੁੱਧ ਦੀ ਕਸਮ ਖਾਧੀ : 'ਸ਼ੇ'ਰ ਲਿਖਾਂਗੀ,

ਸ਼ਾਇਰੀ ਕਰਾਂਗੀ ਕਿ ਸ਼ਾਇਦ ਕਦੇ ਆਪਣੇ ਬੱਚੇ ਨੂੰ ਕਫ਼ਨ ਦੇ ਸਕਾਂ' ਅਤੇ ਦੁੱਧ ਬਾਸੀ ਹੋਣ ਤੋਂ ਪਹਿਲਾਂ ਹੀ ਮੈਂ ਇਕ ਨਜ਼ਮ ਲਿਖ ਲਈ :

ਘਰ ਸੇ ਡਰੀ ਹੁਈ ਔਰਤ
ਕਹੀਂ ਨ ਕਹੀਂ ਤੋ ਚਲਤੀ ਹੈ
ਖ਼੍ਵਾਹ ਪੇੜ ਕਾਟੇ ਯਾ ਉਮ੍ਰ          (ਇਨਸਾਨੀ ਗ਼ਾਰੇ)

ਮੈਂ ਸ਼ਾਇਰ ਨੂੰ ਕਦੀ ਨਹੀਂ ਆਖਿਆ ਕਿ ਤੇਰੇ ਕਮਰੇ 'ਚੋਂ, ਮੇਰੇ ਸਰੀਰ 'ਚੋਂ ਇਕ ਰੂਹ ਵਿਛੜ ਗਈ ਹੈ। ਉਹ ਮੈਨੂੰ ਜ਼ਹਿਰ ਮਾਰ ਕਰਦਾ ਰਿਹਾ ਅਤੇ ਖ਼ਾਮੋਸ਼ ਰਹੀ...ਖ਼ੁਦਾ ਤੋਂ ਜ਼ਿਆਦਾ ਖ਼ਾਮੋਸ਼ ! ਉਹ ਮੇਰੇ ਨਾਲ ਸੌਂਦਾ ਤਾਂ ਇੰਞ ਲੱਗਦਾ ਜਿਵੇਂ ਫਿਰ ਕੋਈ ਬੱਚਾ ਮਰਨ ਵਾਲਾ ਹੈ... ਬੇਗੌਰ, ਬੇਕ਼ਫਨ !

[ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ ਅਤੇ ਸਾਰੀ ਸਟੇਜ ਹਨੇਰੇ ਵਿਚ ਡੁੱਬ ਜਾਂਦੀ ਹੈ। ਮੰਚ ਉੱਪਰ ਰੌਸ਼ਨੀ ਵਾਪਸ ਆਉਂਦੀ ਹੈ ਤਾਂ ਸਾਰਾ ਰਾਕਿੰਗ ਚੇਅਰ 'ਤੇ ਬੈਠੀ ਨਜ਼ਰ ਆਉਂਦੀ ਹੈ।]

ਮੈਂ ਕਰਜ਼ਾ ਲੈ ਕੇ ਇਕ 'ਇੰਡਸਟ੍ਰੀਅਲ ਹੋਮ' ਖੋਲ੍ਹਿਆ। ਕਿਉਂਕਿ ਸ਼ਾਇਰ ਸਾਹਿਬ ਦੀ ਤਨਖ਼ਾਹ ਨੂੰ ਮੈਂ ਕਦੇ ਤੱਕਿਆ ਨਹੀਂ ਸੀ। ਸੋਚਦੀ ਸਾਂ—ਇਸ ਗਿੱਲੇ ਬਾਲਣ ਦੇ ਨਾਲ ਦਿਨ ਗੁਜ਼ਾਰ ਦਿਆਂਗੀ ਕਿ ਅਚਾਨਕ ਇਕ ਵਾਕਿਆ ਸਾਹਮਣੇ ਆ ਗਿਆ। ਸ਼ਾਇਰ ਸਾਹਿਬ ਆਪਣੇ ਇਕ ਦੋਸਤ ਨੂੰ ਘਰ ਲਿਆਏ ਅਤੇ ਮੇਰੇ ਨਾਲ ਮਿਲਵਾਇਆ।

—ਹੁਣ ਤਾਂ ਮੇਰੀ ਬੀਵੀ ਵੀ ਸ਼ਾਇਰੀ ਕਰਦੀ ਹੈ।

ਮੈਂ ਕੰਮ ਤੋਂ ਵਿਹਲੀ ਹੋ ਕੇ ਸ਼ਾਮ ਨੂੰ ਘਰ ਆਉਂਦੀ ਤਾਂ ਕਾਫ਼ੀ ਸ਼ਾਇਰ ਅਦੀਬ ਆ ਜਾਂਦੇ ਅਤੇ ਲਫ਼ਜ਼ਾਂ ਦੀ ਚਿੰਗਾਰੀ ਨਾਲ ਇਕ-ਦੂਸਰੇ ਨੂੰ ਦਾਗ਼ਿਆ ਜਾਂਦਾ। ਇਕ ਸ਼ਾਮ ਦੋਸਤ ਸਾਹਿਬ ਆਏ ਅਤੇ ਬੋਲੇ :

—ਤੁਹਾਡੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ ਪਰ ਪਹਿਲਾਂ ਕਸਮ ਖਾਓ ਕਿ ਬੁਰਾ ਨਹੀਂ ਮਨਾਓਗੇ ! ਬਹੁਤ ਜ਼ਿਦ ਕਰਨ ਤੋਂ ਬਾਅਦ ਮੈਂ ਕਸਮ ਖਾ ਲਈ। ਦੋਸਤ ਸਾਹਿਬ ਨੇ ਫ਼ਰਮਾਇਆ :

—ਮੈਂ ਤੁਹਾਡੇ ਨਾਲ ਵਿਆਹ ਕਰਾਉਣਾ ਚਾਹੁੰਦਾ ਹਾਂ।

ਮੈਨੂੰ ਵੱਢੋ ਤਾਂ ਖ਼ੂਨ ਨਹੀਂ। ਬੜੀ ਮੁਸ਼ਕਿਲ ਨਾਲ ਕਹਿ ਸਕੀ :

—ਮੈਂ ਵਿਆਹੀ ਹੋਈ ਹਾਂ। ਅਗਾਂਹ ਤੋਂ ਮੇਰੇ ਨਾਲ ਅਜਿਹੀ ਗੱਲ ਨਹੀਂ ਕਰਨੀ।

ਖ਼ੈਰ, ਗੱਲ ਟਲ ਗਈ।

ਇਕ ਮੇਰੀ ਦੋਸਤ ਸੀ, ਉਹ ਵੀ ਸਾਡੇ ਘਰ ਆਉਂਦੀ ਸੀ। ਉਹ ਹਜ਼ਰਤ ਦੀ ਨਿਗਾਹ ਤਾੜ ਗਈ। ਇਕ ਦਿਨ ਮੈਨੂੰ ਮਜ਼ਾਕ ਨਾਲ ਕਹਿਣ ਲੱਗੀ :

—ਸਾਰਾ, ਤੈਨੂੰ ਉਹ ਸ਼ਾਇਰ ਕਿਹੋ ਜਿਹਾ ਲੱਗਦਾ ਹੈ ?

ਮੈਂ ਵੀ ਮੂਡ ਵਿਚ ਸਾਂ, ਹੱਸ ਕੇ ਕਿਹਾ :

—ਚੰਗਾ ਹੈ, ਖ਼ੂਬਸੂਰਤ ਅਤੇ ਸਮਾਰਟ ਹੈ ! ਫਿਰ ਦੂਸਰੀਆਂ ਗੱਲਾਂ ਹੋਣ ਲੱਗੀਆਂ।

ਇਕ ਦਿਨ ਮੈਂ 'ਇੰਡਸਟ੍ਰੀਅਲ ਹੋਮ' ਤੋਂ ਵਾਪਸ ਆਈ ਤਾਂ ਮੇਰੇ ਪਤੀ-ਸ਼ਾਇਰ ਦਾ ਚਿਹਰਾ ਉਤਰਿਆ ਹੋਇਆ ਸੀ। ਦੋਸਤ-ਸ਼ਾਇਰ ਵੀ ਮੌਜੂਦ ਸੀ। ਥੋੜ੍ਹੀ ਦੇਰ ਵਿਚ ਕੁਝ ਹੋਰ ਲੋਕ ਵੀ ਇਕੱਠੇ ਹੋ ਗਏ। ਮੈਂ ਕੁਰਸੀ 'ਤੇ ਬੈਠੀ ਹੀ ਸਾਂ ਕਿ ਮੇਰੇ ਪਤੀ ਨੇ ਕੁਰਾਨ ਮੇਰੇ ਹੱਥਾਂ ਵਿਚ ਰੱਖ ਦਿੱਤੀ। ਕਹਿਣ ਲੱਗਾ :

—ਤੇਰੇ ਹੱਥਾਂ ਵਿਚ ਕੁਰਾਨ ਹੈ। ਉਮੀਦ ਹੈ ਸੱਚ ਬੋਲੇਂਗੀ !

ਮੈਂ ਕਿਹਾ :



—ਕੁਰਾਨ ਨਾ ਹੁੰਦੀ ਤਾਂ ਵੀ ਸੱਚ ਬੋਲਦੀ।

—ਕੀ ਤੂੰ ਆਪਣੀ ਦੋਸਤ ਨੂੰ ਕਿਹਾ ਸੀ ਕਿ ਇਹ ਦੂਸਰਾ ਸ਼ਾਇਰ ਚੰਗਾ ਹੈ, ਖ਼ੂਬਸੂਰਤ ਹੈ।

—ਹਾਂ, ਮੈਂ ਕਿਹਾ ਸੀ।

—ਮੈਂ ਤੈਨੂੰ ਤਲਾਕ ਦਿੱਤਾ। ਤਲਾਕ...ਤਲਾਕ...ਤਲਾਕ !

—ਤੂੰ ਮੈਨੂੰ ਤਲਾਕ ਦੇ ਚੁੱਕਾਂ।

—ਹਾਂ, ਦੇ ਚੁੱਕਾਂ !

—ਤਾਂ ਸੁਣ ! ਕੁਰਾਨ 'ਤੇ ਹੱਥ ਰੱਖ ਕੇ ਕਹਿੰਦੀ ਹਾਂ ਕਿ ਤੇਰੇ ਇਸ ਦੋਸਤ ਨਾਲ ਮੇਰਾ ਕੋਈ ਨਜਾਇਜ਼ ਤਾਅਲੁਕ ਨਹੀਂ ਹੈ।

ਇਸ ਘਰ ਦੇ ਦੋ ਦਰਵਾਜ਼ੇ ਹਨ—ਇਕ 'ਚੋਂ ਤੂੰ ਬਾਹਰ ਨਿਕਲ ਜਾ ਤੇ ਦੂਸਰੇ 'ਚੋਂ ਮੈਂ ਨਿਕਲ ਜਾਂਦੀ ਹੈ।
ਉਹ ਤੁਰੰਤ ਮੇਰੇ ਪੈਰਾਂ ਵਿਚ ਡਿੱਗ ਪਿਆ, ਕਹਿਣ ਲੱਗਾ :
—ਮੈਨੂੰ ਮੁਆਫ਼ ਕਰ ਦੇ।
—ਮੈਂ ਤੈਨੂੰ ਥੁੱਕ ਚੁੱਕੀ ਹਾਂ, ਹੁਣ ਮੇਰਾ ਤੇਰੇ ਨਾਲ ਕੋਈ ਰਿਸ਼ਤਾ ਨਹੀਂ।

[ਉਹ ਕੁਰਸੀ ਤੋਂ ਉੱਠਦੀ ਹੈ।]

ਇਸੇ ਚੱਕਰ ਵਿਚ ਰਾਤ ਦੇ ਦੋ ਵੱਜ ਗਏ। ਦੋਸਤ-ਸ਼ਾਇਰ ਵੀ ਬੈਠਾ ਹੋਇਆ ਸੀ। ਮੈਂ ਕਮਰੇ ਵਿਚ ਚਲੀ ਗਈ। ਥੋੜ੍ਹੀ ਦੇਰ ਬਾਅਦ ਕਮਰੇ ਵਿਚ ਪਹਿਲਾ ਸ਼ਾਇਰ ਆਇਆ ਅਤੇ ਗਿੜਗਿੜਾਉਣ ਲੱਗਾ। ਮੈਂ ਉਹਨੂੰ ਕਮਰੇ ਵਿਚੋਂ ਕੱਢ ਦਿੱਤਾ। ਫਿਰ ਦੂਸਰਾ ਸ਼ਾਇਰ ਆਇਆ। ਮੈਂ ਉਹਨੂੰ ਵੀ ਕਮਰੇ ਵਿਚੋਂ ਕੱਢ ਦਿੱਤਾ :

ਅੱਗ ਦੀ ਤਲਾਸ਼ ਵਿਚ ਮੇਰੇ ਕਈ ਚਿਰਾਗ਼ ਵਿਛੜ ਗਏ
ਵਫ਼ਾਦਾਰੀ ਦੀਆਂ ਗਲੀਆਂ ਵਿਚ ਕੁੱਤੀ ਘੱਟ
ਅਤੇ ਕੁੱਤਾ ਜ਼ਿਆਦਾ ਮਸ਼ਹੂਰ ਹੈ (ਹੋਂਠ ਮੇਰੇ ਗਦਾਗਰ)

[ਉਹ ਟਹਿਲਦੀ ਹੋਈ ਮੰਚ ਦੇ ਵਿਚਕਾਰ ਆਉਂਦੀ ਹੈ।]

ਮੈਂ ਇਕ ਵੱਖਰਾ ਮਕਾਨ ਕਿਰਾਏ 'ਤੇ ਲਿਆ ਅਤੇ ਇਕੱਲੀ ਰਹਿਣ ਲੱਗੀ। ਪਰ ਦੂਸਰੇ ਸ਼ਾਇਰ ਤੋਂ ਪਿੱਛਾ ਨਹੀਂ ਛੁੱਟਿਆ। ਉਹ ਕਹਿੰਦਾ :
—ਮੇਰੇ ਕਰਕੇ ਤੇਰਾ ਤਲਾਕ ਹੋਇਆ ਹੈ। ਮੇਰੇ ਨਾਲ ਵਿਆਹ ਕਰਵਾ ਨਹੀਂ ਤਾਂ ਮੈਂ ਮਰ ਜਾਵਾਂਗਾ।
ਮੇਰੇ ਮਕਾਨ ਦੇ ਹੇਠਾਂ ਦੁਪਹਿਰ ਦੇ ਸਮੇਂ ਧੁੱਪ ਵਿਚ ਖਲੋਤਾ ਰਹਿੰਦਾ। ਕਦੇ ਕਿਸੇ ਕੋਲ ਜਾਂਦਾ ਤੇ ਕਦੇ ਕਿਸੇ ਕੋਲ ਕਿ ਸਾਰਾ ਨਾਲ ਮੇਰਾ ਵਿਆਹ ਕਰਵਾ ਦਿਉ। ਇਕ ਦਿਨ ਮੈਂ ਉਹਨੂੰ ਬੁਲਾਇਆ ਤੇ ਬਹੁਤ ਸਮਝਾਇਆ ਕਿ ਹੁਣ ਮੇਰਾ ਵਿਆਹ ਕਰਨ ਦਾ ਇਰਾਦਾ ਨਹੀਂ, ਪਰ ਉਹ ਅੜਿਆ ਰਿਹਾ। ਮੈਂ ਉਹਨੂੰ ਇਥੋਂ ਤਕ ਕਿਹਾ ਕਿ :
—ਜੇਕਰ ਚਾਹਤ ਹੈ ਹੀ ਤਾਂ ਵਿਆਹ ਦੀ ਕੀ ਜ਼ਰੂਰਤ ?
ਪਰ ਉਹ ਨਹੀਂ ਮੰਨਿਆ। ਆਖ਼ਿਰ ਇਕ ਦਿਨ ਮੈਂ ਉਸ ਕੋਲੋਂ ਪੁੱਛਿਆ :
—ਕੀ ਤੂੰ ਵਿਆਹ ਕਰਨ ਤੋਂ ਬਿਨਾ ਨਹੀਂ ਮੰਨੇਂਗਾ ? ਉਹਨੇ ਕਿਹਾ :
—ਹਰਗਿਜ਼ ਨਹੀਂ।
—ਤਾਂ ਜਾਓ ! ਸਾਰੇ ਸ਼ਹਿਰ ਵਿਚ ਕਾਰਡ ਛਪਵਾ ਕੇ ਵੰਡ ਦਿਉ ਅਤੇ ਪਰਸੋਂ ਬਾਰਾਤ ਲੈ ਕੇ ਆ ਜਾਓ।

[ਉਹ ਮੇਜ਼ ਵੱਲ ਵਧਦੀ ਹੈ ਅਤੇ ਉਹਦੇ ਉੱਪਰ ਬੈਠ ਜਾਂਦੀ ਹੈ।]

ਤੇ ਸਾਹਿਬੋ ! ਕਾਰਡ ਵੀ ਛਪ ਗਿਆ ਅਤੇ ਬਾਰਾਤ ਵੀ ਆ ਗਈ। ਵਿਆਹ ਹੋ ਗਿਆ ! ਸਵੇਰੇ-ਸਵੇਰੇ ਸੱਸ ਕਹਿਣ ਲੱਗੀ :
—ਕੀ ਟਿੱਕਾ-ਨਥ ਪਾ ਕੇ ਬੈਠੀ ਏਂ ? ਮੇਰੇ ਕੁੰਵਾਰੇ ਮੁੰਡੇ ਨੂੰ ਫਸਾ ਲਿਆ।
ਮੈਂ ਚੁੱਪਚਾਪ ਟਿੱਕਾ-ਨੱਥ ਲਾਹ ਕੇ ਰੱਖ ਦਿੱਤਾ ਅਤੇ ਦੂਸਰੇ ਕੱਪੜੇ ਪਾ ਲਏ।
ਵਿਆਹ ਦੇ ਪਹਿਲੇ ਹੀ ਦਿਨ ਸ਼ਾਇਰ ਸਾਹਿਬ ਨੇ ਹੁਕਮ ਸੁਣਾਇਆ :
—ਤੂੰ ਇਕੱਲੀ ਬਾਹਰ ਆ-ਜਾ ਨਹੀਂ ਸਕਦੀ। ਇਹ ਸਾਡੇ ਘਰ ਦਾ ਦਸਤੂਰ ਹੈ।
ਮੈਨੂੰ ਗੁਆਂਢ ਤੱਕ ਜਾਣ ਦੀ ਵੀ ਇਜਾਜ਼ਤ ਨਹੀਂ ਸੀ। ਵਿਆਹ ਤੋਂ ਇਕ ਹਫ਼ਤਾ ਬਾਅਦ ਸੱਸ-ਨਨਾਣਾਂ ਦੀ ਨਫ਼ਰਤ ਕਰਕੇ ਸ਼ਾਇਰ ਸਾਹਿਬ ਨੇ ਮੈਨੂੰ ਬਹੁਤ ਮਾਰਿਆ। ਜ਼ਮੀਨ 'ਤੇ ਸੁੱਟ ਕੇ ਮੇਰੇ ਸੀਨੇ 'ਤੇ ਕੁੱਦਣ ਲੱਗਾ। ਮੈਨੂੰ ਕਿਸੇ ਨਾਲ ਵੀ ਮਿਲਣ ਦੀ ਇਜਾਜ਼ਤ ਨਹੀਂ ਸੀ। ਹਰ ਆਉਣ-ਜਾਣ ਵਾਲੇ ਉੱਪਰ ਸ਼ੱਕ ਕੀਤਾ ਜਾਂਦਾ ਸੀ। ਮੈਂ ਘਰ ਵਾਲਿਆਂ ਦੇ ਕੱਪੜੇ ਧੋਂਦੀ, ਬੂਟ ਪਾਲਿਸ਼ ਕਰਦੀ। ਫਿਰ ਵੀ ਛੇ ਨਨਾਣਾਂ ਦਿਨ-ਰਾਤ ਮੈਨੂੰ ਗਾਲ੍ਹਾਂ ਕੱਢਦੀਆਂ ਰਹਿੰਦੀਆਂ। ਇਕ ਦਿਨ ਸੱਸ ਨੇ ਆਖਿਆ :
—ਤੂੰ ਮੇਰੇ ਕੋਲੋਂ ਮੇਰਾ ਬੇਟਾ ਖੋਹ ਲਿਆ।
ਮੈਂ ਆਖਿਆ :
—ਤੁਸੀਂ ਬਿਲਕੁਲ ਫ਼ਿਕਰ ਨਾ ਕਰੋ। ਮੈਂ ਤੁਹਾਨੂੰ ਤੁਹਾਡਾ ਬੇਟਾ ਵਾਪਸ ਕਰ ਦਿਆਂਗੀ।

ਮੈਂ ਸ਼ਾਮ ਨੂੰ ਸਾਰਿਆਂ ਨੂੰ ਇਕੱਠਾ ਕਰ ਲਿਆ ਅਤੇ ਪਤੀ ਦੇਵ ਨੂੰ ਆਖਿਆ :

—ਮੈਨੂੰ ਇਸੇ ਵਕਤ ਤਲਾਕ ਚਾਹੀਦਾ।

—ਮੈਂ ਤਲਾਕ ਨਹੀਂ ਦੇਵਾਂਗਾ। ਮੈਂ ਤਾਂ ਤੇਰੀ ਖਾਲ ਉਧੇੜ ਦਿਆਂਗਾ। ਅਤੇ ਦਰਵਾਜ਼ਿਆਂ ਨੂੰ ਤਾਲਾ ਲਾ ਦਿੱਤਾ ਗਿਆ। ਅੰਦਰ ਉਹ ਮੈਨੂੰ ਛੂੰਹਦਾ ਤਾਂ ਲੱਗਾ ਜਿਵੇਂ ਮੇਰੇ ਸਰੀਰ ਵਿਚ ਕੋਈ ਜ਼ੰਜੀਰ ਉਤਰ ਗਈ ਹੋਵੇ। ਬਾਹਰ ਜਾ ਨਹੀਂ ਸਾਂ ਸਕਦੀ ਕਿ ਉਸ ਵਣ-ਮਨੁੱਖ ਨੇ ਮੇਰੇ ਪੈਰ ਚੱਟ-ਚੱਟ ਕੇ ਕਾਗ਼ਜ਼ ਕਰ ਦਿੱਤੇ ਸਨ। ਮੈਂ ਫਿਰ ਉਮੀਦ ਤੋਂ ਹੋ ਗਈ। ਲੱਗਾ ਜਿਵੇਂ ਮੇਰੀਆਂ ਰਗ਼ਾਂ ਦਾ ਸਾਰਾ ਖ਼ੂਨ ਚਿੱਕੜ ਹੋ ਗਿਆ। ਇਕ ਦਿਨ ਮੈਂ ਇਕ ਕਾਗ਼ਜ਼ 'ਤੇ ਲਿਖਿਆ : 'ਮੈਂ ਬੱਚਾ ਡੇਗਣ ਜਾ ਰਹੀ ਹਾਂ' ਅਤੇ ਸਵੇਰੇ ਪੰਜ ਵਜੇ ਕੰਧ ਟੱਪ ਕੇ ਇਕ ਲੇਡੀ ਡਾਕਟਰ ਕੋਲ ਪਹੁੰਚੀ ਅਤੇ ਬੱਚਾ ਡੇਗ ਦਿੱਤਾ। ਮੈਨੂੰ ਬਹੁਤ ਤੇਜ਼ ਬੁਖਾਰ ਚੜ੍ਹ ਗਿਆ। ਸਾਰਾ ਦਿਨ ਬਿਸਤਰ 'ਤੇ ਪਈ ਰਹੀ। ਸ਼ਾਮ ਨੂੰ ਉੱਠੀ ਤਾਂ ਘਰ ਵਾਪਸ ਆਈ। ਏਨੇ ਚਿਰ ਨੂੰ ਨਨਾਣਾਂ ਨੇ ਸਾਰੇ ਮੁਹੱਲੇ ਵਿਚ ਰੌਲ਼ਾ ਪਾ ਦਿੱਤਾ ਸੀ ਕਿ ਵਹੁਟੀ ਭੱਜ ਗਈ। ਪਤੀ ਨੇ ਏਨਾ ਮਾਰਿਆ ਕਿ ਜਿਸਮ 'ਤੇ ਨੀਲ ਪੈ ਗਏ। ਉਹ ਬੁੱਲ-ਡੋਗ ਕਹਿਣ ਲੱਗਾ :

—ਪਹਿਲਾਂ ਬੂਟ ਪਾਲਿਸ਼ ਕਰ, ਫਿਰ ਚਾਹ ਬਣਾ ਕੇ ਲਿਆ।

ਮੈਂ ਬੂਟ ਪਾਲਿਸ਼ ਕੀਤੇ, ਚਾਹ ਬਣਾਈ ਅਤੇ ਬੇਹੋਸ਼ ਹੋ ਗਈ।

ਉਸ ਘਰ ਵਿਚ ਮੇਰੇ ਲਿਖਣ-ਪੜ੍ਹਨ ਉੱਪਰ ਵੀ ਪਾਬੰਦੀ ਸੀ। ਸ਼ੇਅਰ ਲਿਖਣਾ ਹੁੰਦਾ ਤਾਂ ਟਾਇਲਟ ਵਿਚ ਵੜ ਜਾਂਦੀ। ਅਤੇ ਮੇਰਾ ਪਤੀ ਕਹਿੰਦਾ :

—ਵੇਖੋ, ਏਨੀ ਵੱਡੀ ਸ਼ਾਇਰਾ ਮੇਰੇ ਬੂਟ ਸਾਫ਼ ਕਰ ਰਹੀ ਹੈ।

ਉਸ ਘਰ ਵਿਚ ਪਹਿਲੀ ਵਾਰ ਪਤਾ ਲੱਗਾ ਕਿ ਪਾਗਲਪਣ ਦਾ ਦੌਰਾ ਕੀਹਨੂੰ ਕਹਿੰਦੇ ਹਨ। ਅਜਿਹੇ ਹੀ ਇਕ ਦੌਰ 'ਚੋਂ ਲੰਘੀ ਸਾਂ ਕਿ ਸੱਸ ਨੂੰ ਕਿਹਾ :

—ਮੈਂ ਤੈਨੂੰ ਤੇਰਾ ਬੇਟਾ ਵਾਪਸ ਕਰਕੇ ਜਾ ਰਹੀ ਹਾਂ। ਮੈਂ ਵੀ ਮਾਂ ਹਾਂ, ਇਸ ਕਰਕੇ ਮਾਂ ਦੇ ਦੁੱਖ ਨੂੰ ਜਾਣਦੀ ਹਾਂ।

...ਅਤੇ ਦਰਵਾਜ਼ੇ ਵਿਚੋਂ ਬਾਹਰ ਨਿਕਲ ਗਈ।

[ਉਹ ਮੇਜ਼ ਤੋਂ ਹੇਠਾਂ ਉਤਰਦੀ ਹੈ।]

ਫਿਰ ਬੜੀ ਮੁਸ਼ਕਿਲ ਨਾਲ ਮੈਂ ਤਲਾਕ ਲਿਆ। ਮੇਰੇ ਖ਼ੁਦਾ ਨੂੰ ਮੇਰੇ ਨਾਲ ਪਤਾ ਨਹੀਂ ਕਿਹੜੀ ਦੁਸ਼ਮਣੀ ਸੀ ਕਿ ਜਦੋਂ ਵੀ ਮੈਂ ਘਰ ਵੜਦਹ ਤਾਂ ਇੱਟ ਹੱਥ ਆਉਂਦੀ। ਦੀਨ, ਈਮਾਨ, ਮਜ਼ਹਬ, ਅਦਬ—ਸਾਰੇ ਮੇਰੇ ਲਈ ਮਹਿਜ਼ ਹੱਸਣ-ਹਸਾਉਣ ਵਾਲੇ ਸ਼ਬਦ ਸਨ :

ਸਾਏ ਦੀ ਖ਼ਾਮੋਸ਼ੀ
ਸਿਰਫ਼ ਜ਼ਮੀਨ ਸਹਿੰਦੀ ਹੈ
ਖੋਖਲਾ ਦਰੱਖ਼ਤ ਨਹੀਂ
ਜਾਂ ਖੋਖਲੀ ਮੁਸਕਰਾਹਟ ਨਹੀਂ (ਸਾਏ ਕੀ ਖ਼ਾਮੋਸ਼ੀ)



[ਉਹ ਰਾਕਿੰਗ ਚੇਅਰ ਵੱਲ ਵਧਦੀ ਹੈ।]

ਇਕ ਵਾਰ ਯੂਨੀਵਰਸਿਟੀ ਦੇ ਕੁਝ ਸ਼ਾਇਰਨੁਮਾ ਮੁੰਡਿਆਂ ਨੇ ਕਿਹਾ :

—ਸਾਰਾ ਸਾਹਿਬ! ਤੁਹਾਡੇ ਅੰਦਾਜ਼ ਵਿਚ ਇਕ ਬੈਠਕ ਹੈ।

ਗਈ ਤਾਂ ਇਕੱਲਾ ਘਰ ਅਤੇ ਇਕ ਇਕੱਲਾ ਮੁੰਡਾ। ਕਹਿਣ ਲੱਗਾ :

—ਏਨੇ ਲੋਕਾਂ ਨਾਲ ਸੁੱਤੀ ਏਂ, ਇਕ ਰਾਤ ਮੇਰੇ ਨਾਲ ਵੀ ਸੌਂ ਜਾ।

ਮੈਂ ਆਖਿਆ :

—ਜੇਕਰ ਇਹ ਰਾਤ ਤੇਰੇ ਨਾਲ ਗੁਜ਼ਾਰ ਲਈ ਤਾਂ ਬਾਕੀ ਰਾਤਾਂ ਕੀਹਦੇ ਨਾਲ ਗੁਜ਼ਾਰਾਂਗੀ। ਮੈਂ ਇਨ੍ਹਾਂ ਸ਼ੋਹਦਿਆਂ ਨੂੰ ਜਵਾਬ ਤਾਂ ਦੇ ਦੇਂਦੀ ਪਰ ਮੈਂ ਅੰਦਰ ਹੀ ਅੰਦਰ ਖ਼ਾਮੋਸ਼ ਹੁੰਦੀ ਜਾ ਰਹੀ ਸਾਂ...ਸਾਦੇ ਕਾਗ਼ਜ਼ ਨਾਲੋਂ ਵੀ ਜ਼ਿਆਦਾ ਖ਼ਾਮੋਸ਼...ਜਿਉਂਦੇ ਜੀ ਸਿਰਫ਼ ਇਕ ਇੰਟਰਵਿਊ ਛਪਿਆ...ਅਤੇ ਮੈਨੂੰ ਗੁਨਾਹਾਂ ਦੀ ਗਠੜੀ ਮਿਲ ਗਈ। ਜੇਕਰ ਮੇਰਾ ਜ਼ਿੰਦਗੀਨਾਮਾ ਛਪ ਜਾਂਦਾ ਤਾਂ ਕਿਆਮਤ ਦੇ ਦਿਨ ਮੇਰੀ ਇਕੱਲੀ ਕ਼ਬਰ ਲਈ ਇਕੱਲਾ ਖ਼ੁਦਾ ਹੁੰਦਾ ਕਿ ਕਿਤੇ ਫ਼ਰਿਸ਼ਤੇ ਮੇਰੀ ਲਪੇਟ ਵਿਚ ਨਾ ਆ ਜਾਣ।

[ਉਹ ਕੁਰਸੀ 'ਤੇ ਬੈਠ ਜਾਂਦੀ ਹੈ।]

ਲਿਖਣ ਕਰਕੇ ਘਰਵਾਲੇ ਨਫ਼ਰਤ ਕਰਦੇ, ਕਹਿੰਦੇ :

—ਤੂੰ ਖ਼ਾਨਦਾਨ ਦੀ ਮਿੱਟੀ ਪਲੀਤ ਕਰ ਰਹੀ ਏਂ। ਆਏ ਦਿਨ ਪਰਚਿਆਂ ਵਿਚ, ਅਖ਼ਬਾਰਾਂ ਵਿਚ ਸਾਡੀ ਕਹਾਣੀ ਦੁਹਰਾਉਂਦੀ ਰਹਿੰਦੀ ਏਂ! ਘਰ ਵਿਚ ਕੋਈ ਮਹਿਮਾਨ ਆ ਜਾਵੇ ਤਾਂ ਮਾਂ ਛੇਤੀ-ਛੇਤੀ ਰੱਦੀ ਚੁਣਨ ਲੱਗਦੀ ਅਤੇ ਫਿਰ ਮੇਰੇ ਲਫ਼ਜ਼ ਅੱਗ ਦੇ ਹਵਾਲੇ ਹੋ ਜਾਂਦੇ। ਖ਼ਾਨਦਾਨ ਦੀਆਂ ਕੁੜੀਆਂ ਨੂੰ ਮੇਰੇ ਕੋਲ ਇਕੱਲਿਆਂ ਬੈਠਣ ਦੀ ਇਜਾਜ਼ਤ ਨਹੀਂ ਸੀ—"ਕਿ ਸਾਰਾ ਸ਼ਗੁਫ਼ਤਾ ਆਜ਼ਾਦੀ ਦਾ ਭੇਸ ਓੜ੍ਹੀ ਫਿਰਦੀ ਹੈ, ਕਿਤੇ ਬੱਚੀਆਂ 'ਤੇ ਇਸ ਦਾ ਰੰਗ ਨਾ ਚੜ੍ਹ ਜਾਵੇ।" ਮੈਂ ਲਿਖਦੀ ਤਾਂ ਹਰ ਤਰਫ਼ੋਂ ਆਵਾਜ਼ ਆਉਂਦੀ :

—ਵੇਖ, ਸਾਡੀ ਇੱਜ਼ਤ ਦਾ ਖ਼ਿਆਲ ਰੱਖੀਂ, ਕਿਤੇ ਅਖ਼ਬਾਰਾਂ-ਰਿਸਾਲਿਆਂ ਲਈ ਸਾਡੀਆਂ ਸੁਰਖ਼ੀਆਂ ਨਾ ਲਿਖ ਦੇਵੀਂ।

ਨਫ਼ਰਤ ਦੀਆਂ ਧੱਜੀਆਂ ਨਾਲ ਭਰੀਆਂ ਅੱਖਾਂ ਜਦੋਂ ਮੈਨੂੰ ਤੱਕਦੀਆਂ ਤਾਂ ਮੈਂ ਆਪਣਾ ਦਿਲ ਪੜ੍ਹਨ ਲੱਗਦੀ। ਮੈਂ ਸੈਂਕੜੇ ਚਿਹਰਿਆਂ ਦੀ ਨਫ਼ਰਤ ਨਾਲ ਰੰਗੀ ਹੋਈ ਹਾਸੀ ਹੱਸ ਰਹੀ ਸੀ।

ਜ਼ਿੰਦਗੀ ਦੀ ਛਾਂ ਵਿਚ ਕੋਈ ਸੂਰਜ ਨਹੀਂ ਹੈ
ਦਰਿਆ ਸਮੁੰਦਰ ਬਣ ਜਾਂਦਾ ਹੈ, ਮੇਰਾ ਨਹੀਂ ਬਣਦਾ
ਨੀਂਦ ਅੱਖਾਂ ਨਾਲ ਭਰ ਗਈ ਹੈ
ਮੇਰੀ ਮਾਂ ਮੇਰੇ ਜਨਮ ਦਿਨ 'ਤੇ ਅੱਖਾਂ ਸਾੜਦੀ ਹੈ
ਮੈਂ ਹੱਥਾਂ 'ਚੋਂ ਡਿੱਗੀ ਹੋਈ ਦੁਆ ਹਾਂ

[ਨੇਪਥਯ 'ਚੋਂ ਸੰਗੀਤ ਉੱਭਰਦਾ ਹੈ। ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ ਅਤੇ ਪੂਰਾ ਮੰਚ ਹਨੇਰੇ ਵਿਚ ਡੁੱਬ ਜਾਂਦਾ ਹੈ। ਜਦੋਂ ਮੰਚ ਉੱਤੇ ਰੌਸ਼ਨੀ ਹੁੰਦੀ ਹੈ ਤਾਂ ਸਾਰਾ ਮੰਚ ਅਗਲੇ ਹਿੱਸੇ ਵਿਚ ਖਲੋਤੀ ਦਿਖਾਈ ਦਿੰਦੀ ਹੈ।]

ਜਦੋਂ ਆਦਮਖੋਰਾਂ ਦੀ ਅਜਿਹੀ ਭੀੜ ਪਿੱਛੇ ਲੱਗੀ ਹੋਵੇ, ਜਿਨ੍ਹਾਂ ਦੇ ਹੋਂਠਾਂ 'ਤੇ ਤੁਹਾਡੇ ਲਈ ਗਾਲ੍ਹਾਂ ਅਤੇ ਹੱਥਾਂ ਵਿਚ ਚਾਕੂ ਹੋਵੇ ਤਾਂ ਬਚਾਅ ਦੀਆਂ ਸ਼ਾਇਦ ਤਿੰਨ ਸੂਰਤਾਂ ਹੁੰਦੀਆਂ ਹਨ—ਮਸਜਿਦ, ਖੂਹ ਜਾਂ ਪਾਗਲਖਾਨਾ। ਮੈਨੂੰ ਮਸਜਿਦ ਤਾਂ ਭੇਜਿਆ ਨਹੀਂ ਸੀ ਜਾ ਸਕਦਾ। ਖੂਹ ਵਿਚ ਸੁੱਟੀ ਨਹੀਂ ਸਾਂ ਜਾ ਸਕਦੀ ਕਿ ਮਾਵਾਂ ਲਈ ਇਹ ਇਹ ਮੁਮਕਿਨ ਨਹੀਂ ਸੀ। ਇਸ ਲਈ ਮੇਰੀ ਮਾਂ ਮੈਨੂੰ ਪਾਗਲਖਾਨੇ ਲੈ ਆਈ, ਕਰਾਚੀ ਦੇ ਇਕ ਮੈਂਟਲ ਹਸਪਤਾਲ ਦੇ ਡਾਕਟਰ ਮੇਰੇ ਹੋਸ਼ੋ—ਹਵਾਸ ਦਾ ਇਲਾਜ ਕਰ ਸਕੇ। ਜਦੋਂ ਮੈਨੂੰ ਹੋਸ਼ ਆਈ ਤਾਂ ਇਕ ਔਰਤ ਜ਼ੰਜੀਰਾਂ ਵਿਚ ਬੱਝੀ ਸਹਿਮੀ ਬੈਠੀ ਸੀ। ਦੂਸਰੀ ਔਰਤ ਦੀਆਂ ਅੱਖਾਂ ਹਵਾ ਵਿਚ ਟੰਗੀਆਂ ਸਨ। ਤੀਸਰੀ ਔਰਤ ਦੀ ਘੜੀ 'ਚੋਂ ਸਮਾਂ ਡਿੱਗ ਗਿਆ ਸੀ।

[ਪਾਗਲਾਂ ਵਾਂਗ ਕਦੀ ਮੇਜ਼ ਦੇ ਹੇਠਾਂ, ਕਦੀ ਮੇਜ਼ ਦੇ ਬਾਹਰ ਤੇ ਕਦੀ ਮੇਜ਼ ਦੇ ਉੱਪਰ ਚੜ੍ਹਨ ਦੀ ਕੋਸ਼ਿਸ਼ ਕਰਦੀ ਹੈ।]

ਇਕ ਹੋਰ ਔਰਤ ਲਗਾਤਾਰ ਚੀਕਾਂ ਮਾਰੀ ਜਾ ਰਹੀ ਸੀ :

—ਮੇਰਾ ਇਜ਼ਾਰਬੰਦ ਨਾ ਖੋਲ੍ਹੋ।

ਦੂਸਰੀ ਔਰਤ :

—ਮੈਂ ਘਰ ਨਹੀਂ ਜਾਣਾ ਚਾਹੁੰਦੀ। ਕਿਤੇ ਡਾਕਟਰ ਮੇਰੀ ਛੁੱਟੀ ਨਾ ਕਰ ਦੇਵੇ।

ਤੀਸਰੀ ਔਰਤ :

—ਮੈਂ ਪਾਗ਼ਲ ਨਹੀਂ ਹਾਂ। ਮੇਰੀ ਜਾਇਦਾਦ 'ਤੇ ਕਬਜ਼ਾ ਕਰਨ ਲਈ ਮੈਨੂੰ ਏਥੇ ਛੱਡਿਆ ਗਿਆ।

ਇਕ ਔਰਤ ਨੇ ਦੱਸਿਆ—

—ਮੇਰਾ ਘਰਵਾਲਾ ਦੱਲਾ ਹੈ, ਮੇਰੇ ਕੋਲੋਂ ਧੰਦਾ ਕਰਵਾਉਂਦਾ ਹੈ, ਪੁਲਿਸ ਨੇ ਫੜ ਲਿਆ, ਹਵਾਲਾਤ ਵਿਚ ਦਸ ਪੁਲਿਸ ਵਾਲਿਆਂ ਨੇ ਮੇਰੇ ਨਾਲ ਬਲਾਤਕਾਰ ਕੀਤਾ।

ਇਕ ਔਰਤ ਨੇ ਕਿਹਾ :

—ਮੇਰਾ ਘਰਵਾਲਾ ਤੇ ਦਿਉਰ, ਦੋਵੇਂ ਮੇਰੇ ਨਾਲ ਸੌਂਦੇ ਸਨ ਤੇ ਮੈਨੂੰ ਬਲੈਕਮੇਲ ਕਰਦੇ ਸਨ।

ਇਕ ਕੁਆਰੀ ਕੁੜੀ ਨੇ ਕਿਹਾ :

—ਮੁਹੱਲੇ ਦੇ ਇਕ ਗੁੰਡੇ ਨੇ ਮੈਨੂੰ ਅਗਵਾ ਕੀਤਾ ਅਤੇ ਸਾਰੀ ਰਾਤ ਪੰਜ ਮਰਦ ਮੈਨੂੰ ਲੁੱਟਦੇ ਰਹੇ।

[ਆਵੇਗ ਘੱਟ ਹੁੰਦਾ ਹੈ ਤਾਂ ਹਫ਼ਦੀ ਹੋਈ ਮੇਜ਼ ਦੇ ਕੋਲ ਖੜ੍ਹੀ ਹੋ ਜਾਂਦੀ ਹੈ।]

ਪੰਜ ਔਰਤਾਂ ਇਸ ਕਰਕੇ ਬਿਮਾਰ ਸਨ ਕਿ ਉਨ੍ਹਾਂ ਦੇ ਘਰਵਾਲੇ ਮੁਹੱਬਤ ਤਾਂ ਕਰਦੇ ਸਨ, ਪਰ ਕਮਾਉਂਦੇ ਨਹੀਂ ਸਨ। ਉਹ ਬੱਚਿਆਂ ਨੂੰ ਪਾਲਣ ਲਈ ਝਾੜੂ-ਬਰਤਨ ਕਰਦੀ ਸੀ। ਇਕ ਪੜ੍ਹੀ-ਲਿਖੀ ਕੁੜੀ ਸੀ। ਉਹ ਤੇ ਮੈਂ ਜ਼ਿਆਦਾਤਰ ਇਕੱਠੀਆਂ ਰਹਿੰਦੀਆਂ।

[ਟਹਿਲਦੀ ਹੋਈ ਮੰਚ 'ਤੇ ਵਿਚਕਾਰ ਆ ਜਾਂਦੀ ਹੈ।]

ਮੈਂ ਕਿੰਨਾ-ਕਿੰਨਾ ਚਿਰ ਉਹਦੇ ਨਾਲ ਗੱਲਾਂ ਕਰਦੀ। ਇਕ ਖ਼ਾਸ ਸਮੇਂ 'ਤੇ ਮਿਊਜ਼ਿਕ ਲਾ ਦਿੱਤਾ ਜਾਂਦਾ:

ਪੰਛੀ ਬਨੂ, ਉੜਤੀ ਫਿਰੂ ਮਸਤ ਗਗਨ ਮੇਂ। ਆਜ ਮੈਂ ਆਜ਼ਾਦ ਹੂੰ ਦੁਨਿਯਾ ਕੇ ਚਮਨ ਮੇਂ...ਧੁਨ ਵੱਜਦਿਆਂ ਹੀ ਉਹ ਕੁੜੀ ਨੱਚਣ ਲੱਗਦੀ।

[ਮੰਚ ਉੱਤੇ ਨੱਚਣ ਲੱਗਦੀ ਹੈ।]

ਫਿਰ ਮੈਂ ਉੱਠਦੀ ਅਤੇ ਉਹਦੇ ਨਾਲ ਨੱਚਣ ਲੱਗਦੀ ਅਤੇ ਫਿਰ ਸਾਰੀਆਂ ਔਰਤਾਂ ਸਾਡੇ ਨਾਲ ਨੱਚਣ ਲੱਗਦੀਆਂ।

[ਨੱਚਦੀ-ਨੱਚਦੀ ਰੁਕ ਜਾਂਦੀ ਹੈ।]

ਇਕ ਦਿਨ ਨੱਚਦੀ-ਨੱਚਦੀ ਮੇਰੀ ਦੋਸਤ ਰੋਣ ਲੱਗੀ।

ਮੈਂ ਪੁੱਛਿਆ:

—ਰੋ ਕਿਉਂ ਰਹੀ ਏਂ?

ਉਹਨੇ ਦੱਸਿਆ:

—ਮੈਨੂੰ ਇਕ ਨਾਲ ਮੁਹੱਬਤ ਸੀ। ਮੈਂ ਘਰ ਛੱਡਿਆ, ਬੱਚਾ ਛੱਡਿਆ ਅਤੇ ਮੇਰੇ ਆਸ਼ਿਕ ਨੇ ਮੇਰੀਆਂ ਤਸਵੀਰਾਂ ਲਾਹੀਆਂ ਅਤੇ ਮੇਰੇ ਕੋਲੋਂ ਸਮਗਲਿੰਗ ਕਰਵਾਉਣ ਲੱਗਾ।

ਏਨੀ ਗੱਲ ਕਹਿ ਕੇ ਉਹ ਇਕ ਪਲ ਲਈ ਚੁੱਪ ਹੋ ਗਈ। ਫਿਰ ਇਕ ਭਰਪੂਰ ਠਹਾਕਾ ਲਾਇਆ ਤੇ ਨੱਚਣ ਲੱਗੀ।

ਇਕ ਵੱਡੀ ਉਮਰ ਦੀ ਔਰਤ ਨੇ ਕਿਹਾ:

—ਮੇਰਾ ਬੇਟਾ ਮੇਰੇ ਨਾਲ ਜ਼ਬਰਦਸਤੀ ਸੌਂ ਗਿਆ।

ਇਕ ਹੋਰ ਠਹਾਕਾ!

[ਪਾਗਲਾਂ ਵਾਂਗ ਨੱਚਣ ਲੱਗਦੀ ਹੈ ਅਤੇ ਠਹਾਕੇ ਲਾਉਂਦੀ ਜਾਂਦੀ ਹੈ। ਪਿੱਠਭੂਮੀ 'ਚੋਂ 'ਪੰਛੀ ਬਨੂੰ' ਵਾਲਾ ਗੀਤ ਬਹੁਤ ਉੱਚੀ ਸੁਰ ਵਿਚ ਸੁਣਾਈ ਦਿੰਦਾ ਹੈ। ਹੌਲੀ-ਹੌਲੀ ਗੀਤ ਰੁਕਦਾ ਹੈ ਅਤੇ ਸਾਰਾ ਦਾ ਹਾਸਾ ਅਤੇ ਨ੍ਰਿਤ ਵੀ ਰੁਕਣ ਲੱਗਦਾ ਹੈ।]

ਕੋਈ ਔਰਤ ਰੌਲਾ ਪਾਉਂਦੀ ਤਾਂ ਉਹਨੂੰ ਬਿਜਲੀ ਦੇ ਝਟਕੇ ਦਿੱਤੇ ਜਾਂਦੇ। ਅਸੀਂ ਜਨਰਲ ਵਾਰਡ ਵਿਚ ਸਾਂ, ਇਸ ਲਈ ਸਾਡੀ ਕੋਈ ਚੀਜ਼ ਮਹਿਫੂਜ਼ ਨਹੀਂ ਸੀ। ਕੋਈ ਕਿਸੇ ਦਾ ਫਲ ਖਾ ਲੈਂਦਾ ਤਾਂ ਕੋਈ ਦੂਸਰੇ ਦੇ ਕੱਪੜੇ ਪਾ ਲੈਂਦਾ। ਇਥੋਂ ਤਕ ਕਿ ਮੇਰੀ ਸਿਗਰਟ ਵੀ ਮੇਰੇ ਤਕ ਨਾ ਪੁੱਜਦੀ।

[ਜਿਵੇਂ ਕਿਸੇ ਨੂੰ ਪੁਕਾਰਦੀ ਹੋਈ ਮੰਚ ਦੇ ਅਗਲੇ ਹਿੱਸੇ ਵਿਚ ਆਉਂਦੀ ਹੈ।]

—ਨੀ ਨਾਜ਼ੀਆ ਮੇਰੀ ਸਿਗਰਟ ਕਿੱਥੇ ਹੈ? ਤੈਨੂੰ ਪਤਾ ਹੈ ਨਾ ਕਿ ਕਸ਼ ਤੋਂ ਬਿਨਾ ਮੇਰੇ ਲਈ ਜ਼ਿੰਦਗੀ ਹਰਾਮ ਹੋ ਜਾਂਦੀ ਹੈ।

ਉਨ੍ਹਾਂ ਨੇ ਮੇਰੀ ਸਿਗਰਟ ਹਰਾਮ ਕਰ ਰੱਖੀ ਸੀ। ਅਜੀਬ ਦਹਿਸ਼ਤ ਭਰਿਆ ਸਮਾਂ ਹੁੰਦਾ। ਹਰ ਵਕਤ ਝਗੜਾ, ਮਾਰ-ਕੁੱਟ, ਜੁੱਤ-ਪਤਾਣ। ਨਾ ਕੋਈ ਪੁੱਛਣ ਵਾਲਾ, ਨਾ ਕੋਈ ਸੁਣਨ ਵਾਲਾ। ਬੜੀ ਮੁਸ਼ਕਿਲ ਨਾਲ ਕਾਗ਼ਜ਼ ਅਤੇ ਕਲਮ ਹਾਸਿਲ ਕੀਤੀ ਅਤੇ ਔਰਤਾਂ ਦੀਆਂ ਗੱਲਾਂ ਲਿਖਣ ਲੱਗੀ। ਮੈਂ ਹਸਪਤਾਲ ਦੀ ਕੰਧ 'ਤੇ ਲਿਖਿਆ 'ਨਾਜ਼ੀ ਕੈਂਪ' ਅਤੇ ਡਾਕਟਰ ਨੂੰ ਆਖਿਆ:

—ਮੈਂ ਕਾਲਮ ਲਿਖਾਂਗੀ ਤੇਰੇ ਖ਼ਿਲਾਫ਼!

ਉਹ ਹੱਸਿਆ:

—ਕਾਲਮ ਤਾਂ ਕਿੰਨੀ ਵਾਰ ਲਿਖੇ ਜਾ ਚੁੱਕੇ ਹਨ।

ਜਦੋਂ ਇਨਸਾਫ਼ ਦੇ ਸਦਕੇ ਮੇਰੀ ਛੁੱਟੀ ਹੋਈ ਤਾਂ ਮੈਂ ਬਹੁਤ ਰੋਈ। ਮੇਰੀਆਂ ਔਰਤਾਂ ਮੇਰੇ ਕੋਲੋਂ ਵਿਛੜ ਕੇ ਫਿਰ ਪਾਗ਼ਲਖਾਨੇ ਵਿਚ ਹੀ ਰਹਿ ਗਈਆਂ ਸਨ। ਸਲਾਖਾਂ ਦਾ ਤਾਲਾ ਖੋਲ੍ਹਿਆ ਅਤੇ ਮੈਂ ਦਰਵਾਜ਼ੇ ਤੋਂ ਬਾਹਰ। ਸਾਰੀਆਂ ਔਰਤਾਂ ਮੈਨੂੰ ਤੱਕਣ ਲੱਗੀਆਂ, ਜਿਵੇਂ ਕਹਿ ਰਹੀਆਂ ਹੋਣ:

—ਸਾਰਾ! ਹੁਣ ਤੂੰ ਅਸਲੀ ਪਾਗਲਖ਼ਾਨੇ ਵਿਚ ਜਾ ਰਹੀ ਏਂ।

[ਉਹ ਹੇਠਾਂ ਬੈਠ ਜਾਂਦੀ ਹੈ।]

ਮੈਨੂੰ ਪਾਗਲਖ਼ਾਨਿਓਂ ਆਇਆਂ ਦੋ ਜਾਂ ਤਿੰਨ ਦਿਨ ਹੀ ਹੋਏ ਸਨ ਕਿ ਅੰਮੀ ਨੇ ਆਖਿਆ:

—ਡਾਕਟਰਾਂ ਨੇ ਦੱਸਿਆ ਜੇ ਤੇਰਾ ਵਿਆਹ ਕਰ ਦਿੱਤਾ ਜਾਵੇ, ਤੂੰ ਠੀਕ ਹੋ ਜਾਵੇਂਗੀ। ਇਹੀ ਤੇਰਾ ਇਲਾਜ ਏ।

—ਵਿਆਹ?

ਮੇਰੀ ਤਾਂ ਆਵਾਜ਼ ਵੀ ਕਾਲੀ ਹੋ ਗਈ।

—ਨਹੀਂ ਬੇਬੇ, ਮੇਰੇ ਜਿਸਮ ਵਿਚੋਂ ਤੇਰੀ ਕੁੱਖ ਦੀ ਛਾਂ ਨਹੀਂ ਜਾਂਦੀ।

ਇਕ ਦਿਨ ਅੰਮੀ ਦੀ ਤਬੀਅਤ ਬਹੁਤ ਖ਼ਰਾਬ ਸੀ। ਮੈਂ ਉਨ੍ਹਾਂ ਦੇ ਪੈਰ ਘੁੱਟ ਰਹੀ ਸੀ, ਅਚਾਨਕ ਮੈਂ ਅੰਮੀ ਨੂੰ ਆਖਿਆ:

—ਹੁਣ ਤਾਂ ਤੂੰ ਰੋਜ਼ ਈ ਬਿਮਾਰ ਰਹਿਣ ਲੱਗੀ ਏਂ।

—ਤੈਨੂੰ ਵੇਖ ਵੇਖ ਕੇ। 'ਕੱਲੀ ਕੁੜੀ ਸੜਕਾਂ 'ਤੇ ਫਿਰਦੀ ਰਹਿੰਦੀ ਏ। ਕਿੱਥੇ ਜਾਂਦੀ ਏ, ਕਿੱਥੇ ਆਉਂਦੀ ਏ, ਮੈਨੂੰ ਬਹੁਤ ਰੋਣਾ ਆਉਂਦਾ ਏ ਕੁੜੀਏ।

—ਬੇਬੇ ਜੇ ਮੈਂ ਤੇਰਾ ਕਹਿਣਾ ਮੰਨ ਲਵਾਂ ਤਾਂ?

—ਮੈਂ ਚੰਗੀ ਭਲੀ ਹੋ ਜਾਊਂਗੀ। ਤੇਰੇ ਕਰਕੇ ਤਾਂ ਮੈਂ ਮਰ ਵੀ ਨਈਂ ਸਕਦੀ। ਮੇਰਾ ਕਹਿਣਾ ਮੰਨ ਲੈ ਕੁੜੀਏ। ਇਕ ਮੁੰਡਾ ਏ। ਮੰਨਿਆ ਕਿ ਸ਼ਕਲੋਂ ਸੋਹਣਾ ਨਹੀਂ, ਪੜ੍ਹਿਆ-ਲਿਖਿਆ ਨਈਂ ਪਰ ਇਨ੍ਹਾਂ ਪੜ੍ਹਿਆਂ-ਲਿਖਿਆਂ ਨੇ ਤੈਨੂੰ ਦੁੱਖਾਂ ਤੋਂ ਸਿਵਾ ਕੀ ਦਿੱਤਾ?

ਮੈਂ ਅੰਮੀ ਦੇ ਪਸੰਦੀਦਾ ਮੁੰਡੇ ਕੋਲ ਗਈ ਤੇ ਆਖਿਆ: 'ਮੇਰੀ ਮਾਂ ਨੇ ਤੇਰਾ ਰਿਸ਼ਤਾ ਕਬੂਲ ਕਰ ਲਿਆ ਹੈ। ਚਾਰ-ਪੰਜ ਦਿਨ ਬਾਅਦ ਬਾਰਾਤ ਲੈ ਕੇ ਆ ਜਾਵੀਂ।' ਅਤੇ ਮੇਰਾ ਵਿਆਹ ਹੋ ਗਿਆ। ਇਕ ਵਾਰ ਫਿਰ ਮੈਂ ਹਰਾਮ ਤੋਂ ਹਲਾਲ ਹੋ ਗਈ।

[ਉਹ ਉੱਠਦੀ ਹੈ ਅਤੇ ਮੰਚ ਦੇ ਪਿਛਲੇ ਹਿੱਸੇ ਕੋਲ ਜਾਂਦੀ ਹੈ। ਉਥੋਂ ਇਕ ਛੋਟੀ ਜਹੀ ਕੁਰਸੀ ਕੱਢਦੀ ਹੈ ਅਤੇ ਉਸ ਨੂੰ ਲੈ ਕੇ ਮੰਚ ਦੇ ਵਿਚਕਾਰ ਆਉਂਦੀ ਹੈ। ਕੁਰਸੀ ਉਪਰ ਬੈਠ ਜਾਂਦੀ ਹੈ।]

ਪਹਿਲੇ ਦਿਨ ਕ ਤੋਂ ਬਾਅਦ ਹੀ ਉਸ ਨੇ ਕਿਹਾ:

—ਮੇਰੇ ਪੈਰ ਘੁੱਟ।

ਮੈਂ ਘੁੱਟ ਦਿੱਤੇ। ਦੂਸਰੇ ਦਿਨ ਉਹਦੀ ਅੰਮੀ ਨੇ ਆਖਿਆ:

—ਬੇਟੀ, ਹੁਣ ਤੂੰ ਸਾਡੀ ਇੱਜ਼ਤ ਏਂ। ਲੱਖਪਤੀ ਘਰਾਣੇ ਦੀ ਨੂੰਹ ਏਂ। ਖਾਣ-ਪੀਣ ਦੀ ਕੋਈ ਤਕਲੀਫ਼ ਨਹੀਂ ਹੋਵੇਗੀ। ਰਿਹਾ ਤੇਰਾ ਪਾਗਲਪਣ...ਤਾਂ ਇਹ ਸਭ ਬਹਾਨੇਬਾਜ਼ੀ ਹੈ। ਅਸਲੀ ਦੁੱਧ-ਮੱਖਣ ਢਿੱਡ ਵਿਚ ਜਾਵੇਗਾ ਤਾਂ ਦਿਮਾਗ਼ ਵੀ ਠੀਕ ਹੋ ਜਾਵੇਗਾ। ਮੈਂ ਇਹ ਸਾਰੀਆਂ ਗੱਲਾਂ ਮੰਨ ਲਈਆਂ ਪਰ ਮੁਸ਼ਾਇਰਾਂ ਵਿਚ ਜਾਣਾ ਬੰਦ। ਅਖ਼ਬਾਰਾਂ ਵਿਚ ਲਿਖਣਾ ਬੰਦ। ਲੋਕਾਂ ਨਾਲ ਮੁਲਾਕਾਤ ਬੰਦ। ਇਥੋਂ ਤਕ ਕਿ ਘਰ ਵਿਚ ਵੀ ਮੇਰੇ ਲਿਖਣ ਪੜ੍ਹਨ 'ਤੇ ਰੋਕ ਲਾ ਦਿੱਤੀ ਗਈ। ਮੇਰੀ ਤਬੀਅਤ ਬਹੁਤ ਖ਼ਰਾਬ ਹੋ ਗਈ। ਮੈਂ ਕਿਹਾ:

—ਡਾਕਟਰ ਕੋਲ ਲੈ ਚੱਲੋ।

ਹਜ਼ਰਤ ਬੋਲੇ:

—ਸਾਡੇ ਇਥੇ ਡਾਕਟਰਾਂ ਦਾ ਰਿਵਾਜ ਨਹੀਂ ਹੈ।

ਇਸ ਤਰ੍ਹਾਂ ਮੇਰੀ ਦਵਾਈ ਵੀ ਬੰਦ! ਮੈਂ ਗੁਆਂਢ ਦੇ ਬੱਚਿਆਂ ਕੋਲੋਂ ਦਵਾ ਮੰਗਵਾਈ ਪਰ ਬੇਚੈਨੀ ਇੰਨੀ ਜ਼ਿਆਦਾ ਸੀ ਕਿ ਦਵਾਈ ਵੀ ਬੇਅਸਰ ਹੋ ਗਈ। ਮੈਂ ਬਾਹਰ ਨਿਕਲ ਗਈ ਅਤੇ ਟਹਿਲਣ ਲੱਗੀ—ਇਧਰ ਤੋਂ ਉਧਰ, ਏਥੋਂ ਓਥੇ। ਜਨਾਬ ਨੇ ਮੇਰੀ ਹਾਲਤ ਵੇਖੀ ਤਾਂ ਪੁੱਛਿਆ:

—ਨਸ਼ਾ ਕਰਦੀ ਏਂ? ਮੈਂ ਤਾਂ ਸੋਚ ਵੀ ਨਹੀਂ ਸਕਦਾ ਸਾਂ ਕਿ ਮੇਰੀ ਬੀਵੀ ਨਸ਼ੇੜੀ ਹੋਵੇਗੀ!

—ਇਹ ਦਵਾਈਆਂ ਡਾਕਟਰ ਨੇ ਲਿਖ ਕੇ ਦਿੱਤੀਆਂ ਹਨ। ਨਸ਼ੇ ਦੀਆਂ ਗੋਲੀਆਂ ਨਹੀਂ ਹਨ।

—ਕਿਹੜੀ ਮੁਸੀਬਤ ਵਿਚ ਫਸ ਗਿਆ। ਤੈਨੂੰ ਲੱਗਦੈ ਕਿ ਮੈਨੂੰ ਪਤਾ ਨਹੀਂ ਹੈ, ਤੂੰ ਬਾਥਰੂਮ ਵਿਚ ਲੁਕ ਕੇ ਸਿਗਰਟ ਪੀਂਦੀ ਏ।

—ਸਾਡੇ ਏਥੇ ਔਰਤ ਸਿਗਰਟ ਪੀਵੇ ਤਾਂ ਉਹਨੂੰ ਗੋਲੀ ਮਾਰ ਦਿੱਤੀ ਜਾਂਦੀ ਹੈ।

—ਕੀ ਲਿਖ ਰਹੀ ਏਂ ? ਵੱਡੀ ਆਈ ਸ਼ਾਇਰਾ। ਹਰ ਵਕਤ ਗਹਿਣੇ ਪਾ ਕੇ ਰੱਖਿਆ ਕਰ। ਇਨ੍ਹਾਂ ਨਾਲ ਇੱਜ਼ਤ ਹੁੰਦੀ ਹੈ।

—ਮਸ਼ਹੂਰ ਸ਼ਾਇਰਾ ਦੇ ਸਾਹ ਹੁਣ ਮੇਰੀ ਮੁੱਠੀ ਦੇ ਬਰਾਬਰ ਹਨ।

ਪੰਦਰਾਂ ਦਿਨ ਤਾਂ ਮੈਂ ਖ਼ਾਮੋਸ਼ ਰਹੀ। ਸੋਲ੍ਹਵੇਂ ਦਿਨ—

—ਸੁਣੋ ਜਗੀਰਦਾਰ, ਤੁਸੀਂ ਲੱਖਪਤੀ ਹੋਵੋ ਭਾਵੇਂ ਕਰੋੜਪਤੀ, ਆਪਣੀਆਂ ਹਰਕਤਾਂ ਠੀਕ ਕਰੋ ਵਰਨਾ...!

—ਚੁੱਪ ! ਆਪਣੇ ਆਪ ਨੂੰ ਬੜੀ ਵੱਡੀ ਸ਼ਾਇਰਾ ਸਮਝਦੀ ਹੈ। ਤੇਰਾ ਲਿਖਣਾ-ਪੜ੍ਹਨਾ ਤੈਨੂੰ ਅੱਧੀ ਰੋਟੀ ਵੀ ਨਹੀਂ ਖਵਾ ਸਕਦਾ।

ਪੰਝੀ ਦਿਨਾਂ ਬਾਅਦ ਮੈਂ ਲੱਖਪਤੀ ਨੂੰ ਆਖਿਆ :

—ਮੈਨੂੰ ਤਲਾਕ ਚਾਹੀਦੈ !

—ਨਹੀਂ ਦੇਵਾਂਗਾ !

ਬੜੀ ਮੁਸ਼ਕਿਲ ਨਾਲ ਨਿੱਜੀ ਤੌਰ ’ਤੇ ਤਲਾਕ ਤਾਂ ਲੈ ਲਿਆ ਪਰ ਕਚਹਿਰੀ ਦੇ ਡਰ ਦੀ ਜ਼ੰਜੀਰ ਅਜੇ ਤਕ ਵੀ ਨਹੀਂ ਸੀ ਖੁੱਲ੍ਹੀ। ਜਦੋਂ ਮੈਂ ਅੰਮੀ ਦੇ ਘਰ ਆਈ ਤਾਂ ਅੰਮੀ ਨੇ ਫੇਰ ਗਲ ਲਾ ਲਿਆ। ਅੰਮੀ ਨੇ ਆਖਿਆ :

—ਕੋਈ ਗੱਲ ਨਹੀਂ, ਮੈਂ ਸਮਝਾਂਗੀ ਮੈਂ ਤੇਰਾ ਵਿਆਹ ਹੀ ਨਈਂ ਕੀਤਾ। ਐਹ ਤੇਰਾ ਈ ਘਰ ਏ। ਜ਼ਿਆਦਾ ਸੋਚਿਆ ਨਾ ਕਰ। ਦਿਮਾਗ਼ ਉੱਤੇ ਮਾੜਾ ਅਸਰ ਪੈਂਦਾ ਏ।

ਡੋਰ ਫੜੀ ਤਾਂ ਹੱਥ ਵਿਚ ਇਕ ਹੋਰ ਜ਼ਖ਼ਮੀ ਲਕੀਰ ਬਣ ਗਈ। ਇਕ ਦਿਨ ਜਗੀਰਦਾਰ ਨੇ ਸੁਨੇਹਾ ਭਿਜਵਾਇਆ ਕਿ ਮੈਂ ਤੇਰੇ ਨਾਲ ਜ਼ਰੂਰੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਗਈ।

—ਤੂੰ ਮੈਨੂੰ ਛੱਡਿਆ ਕਿਉਂ ? ਇਸ ਲਈ ਕਿ ਮੈਂ ਜਾਹਿਲ ਹਾਂ ? ਸੁਣ ਲੈ, ਹੁਣ ਮੈਂ ਆਪਣੀਆਂ ਜ਼ਮੀਨਾਂ ਵੇਚ ਕੇ ਕਿਤਾਬਾਂ ਲਿਖਿਆ ਕਰਾਂਗਾ। ਆਪਣੇ ਨਾਂ ਨਾਲ ਲਿਖਵਾਇਆ ਕਰਾਂਗਾ। ਆਪਣੀ ਤਮਾਮ ਦੌਲਤ, ਜਾਗੀਰ ਖ਼ਰਚ ਕਰ ਦੇਵਾਂਗਾ ਅਤੇ ਤੇਰੇ ਤੋਂ ਜ਼ਿਆਦਾ ਮਸ਼ਹੂਰ ਹੋ ਜਾਵਾਂਗਾ। ਅਜੇ ਵੀ ਕੁਝ ਨਹੀਂ ਵਿਗੜਿਆ—ਵਾਪਸ ਆ ਜਾ। ਜਿੰਨੀ ਦੌਲਤ ਮੰਗੇਂਗੀ, ਦੇਵਾਂਗਾ...ਗੱਡੀ, ਬੰਗਲਾ, ਜ਼ਮੀਨ...ਸਭ ਕੁਝ ਅਤੇ ਜੇਕਰ ਨਹੀਂ ਮੰਨੇਂਗੀ ਤਾਂ ਕਤਲ ਕਰ ਦਿਆਂਗਾ। ਪਹਿਲਾਂ ਦੋਵੇਂ ਲੱਤਾਂ ਵੱਢਾਂਗਾ, ਫਿਰ ਦੋਵੇਂ ਹੱਥ ਜਿਨ੍ਹਾਂ ਨਾਲ ਤੂੰ ਲਿਖਦੀ ਅਤੇ ਸਾਰੀ ਦੁਨੀਆ ਨੂੰ ਬੇਵਕੂਫ਼ ਬਣਾਉਂਦੀ ਏਂ। ਅਤੇ ਇਹ ਵੀ ਸੁਣ ਲੈ ਕਿ ਅਸੀਂ ਲੋਕ ਰੋਜ਼ ਔਰਤ ਖ਼ਰੀਦਦੇ ਹਾਂ ਅਤੇ ਜੇਕਰ ਉਹ ਇਨਕਾਰ ਕਰ ਦੇਵੇ ਤਾਂ ਉਹਨੂੰ ਜਾਨ ਤੋਂ ਮਾਰ ਦੇਂਦੇ ਹਾਂ। ਫਿਰ ਉਹਦੀ ਖਾਦ ਬਣਾ ਕੇ ਖੇਤਾਂ ਵਿਚ ਖਿਲਾਰ ਦੇਂਦੇ ਹਾਂ।

[ਉਹ ਤਿਲਮਿਲਾ ਕੇ ਕੁਰਸੀ ਤੋਂ ਉੱਠਦੀ ਹੈ, ਜਿਵੇਂ ਜਗੀਰਦਾਰ ਆਸ-ਪਾਸ ਹੀ ਕਿਤੇ ਹੋਵੇ।]

—ਮੇਰੀ ਖਾਦ ਤੈਨੂੰ ਬਹੁਤ ਮਹਿੰਗੀ ਪਵੇਗੀ ਜ਼ਿਮੀਂਦਾਰ ! ਮੈਂ ਉਹ ਔਰਤ ਨਹੀਂ ਜਿਹੜੀ ਘਰਵਾਲੇ ਦੇ ਹਰਮ ਵਿਚ ਸਿਸਕਦੀ ਰਹੇ। ਤੂੰ ਏਨੀ ਛੋਟੀ ਜਹੀ ਜ਼ਮੀਨ ’ਤੇ ਮੈਨੂੰ ਲਾਗੂ ਨਹੀਂ ਕਰ ਸਕਦਾ। ਫਿਰ ਕਦੇ ਮੈਨੂੰ ਬੁਲਾਉਣ ਦੀ ਭੁੱਲ ਨਾ ਕਰੀਂ !

[ਉਹ ਪੈਰ ਪਟਕਦੀ ਹੋਈ ਮੇਜ਼ ਤਕ ਆਉਂਦੀ ਹੈ ਅਤੇ ਆਪਣੇ ਸਾਹ ਠੀਕ ਕਰਦੀ ਹੈ।]

ਜਦੋਂ ਮੈਂ ਨਦੀਮ ਹਸਪਤਾਲ ਵਿਚ ਭਰਤੀ ਸਾਂ ਤਾਂ ਜਗੀਰਦਾਰ ਉਥੇ ਵੀ ਆ ਗਿਆ। ਮੈਨੂੰ ਖ਼ੂਨ ਚੜ੍ਹਾਇਆ ਜਾ ਰਿਹਾ ਸੀ। ਕਹਿਣ ਲੱਗਾ :

—ਮੈਂ ਇਸ ਲਈ ਆਇਆ ਹਾਂ ਕਿ ਤੈਨੂੰ ਪੈਸਿਆਂ ਦੀ ਜ਼ਰੂਰਤ ਹੋਵੇਗੀ। ਹਸਪਤਾਲ ਦਾ ਖ਼ਰਚਾ ਕੌਣ ਦੇਵੇਗਾ ?

—ਡਾਕਟਰ ਮੇਰਾ ਇਲਾਜ ਮੁਫ਼ਤ ਕਰ ਰਹੇ ਹਨ। ਮੈਂ ਕੋਈ ਬਿੱਲ ਨਹੀਂ ਦੇਣਾ।

ਮੈਂ ਡਾਕਟਰ ਨੂੰ ਆਖਿਆ :

—ਇਸ ਜਗੀਰਦਾਰ ਨੂੰ ਕਹੋ ਕਿ ਇਹ ਇਥੋਂ ਹੁਣੇ ਅਤੇ ਇਸੇ ਵਕਤ ਚਲਾ ਜਾਵੇਗਾ। ਡਾਕਟਰ ਨੇ ਉਹਨੂੰ ਤੁਰੰਤ ਉਥੋਂ ਭਜਾ ਦਿੱਤਾ।

ਹਸਪਤਾਲ ’ਚੋਂ ਆਇਆਂ ਦੋ ਦਿਨ ਹੀ ਹੋਏ ਸਨ ਕਿ ਜਗੀਰਦਾਰ ਦੀ ਭਾਬੀ ਮੇਰੇ ਕੋਲ ਆਈ, ਕਹਿਣ ਲੱਗੀ :

—ਅੰਮੀ ਬਹੁਤ ਬਿਮਾਰ ਹੈ ਅਤੇ ਮਰਨ ਤੋਂ ਪਹਿਲਾਂ ਤੈਨੂੰ ਵੇਖਣਾ ਚਾਹੁੰਦੀ ਹੈ।

ਦੂਸਰੇ ਦਿਨ ਅੰਮੀ ਨੂੰ ਵੇਖਣ ਗਈ ਤਾਂ ਦਰਵਾਜ਼ਾ ਖੁੱਲ੍ਹਾ ਸੀ, ਕਮਰੇ ਵਿਚ ਕੋਈ ਵੀ ਨਹੀਂ ਸੀ। ਦੂਸਰੇ ਕਮਰੇ ਵਿਚ ਜਗੀਰਦਾਰ ਇਕ ਹੋਰ ਆਦਮੀ ਨਾਲ ਬੈਠਾ ਸੀ। ਮੈਨੂੰ ਵੇਖਦਿਆਂ ਹੀ ਦੂਸਰੇ ਮਰਦ ਨੂੰ ਕਹਿਣ ਲੱਗਾ :

—ਦੂਸਰੇ ਕਮਰੇ ਵਿਚ ਚਲੇ ਜਾਓ।

ਉਸ ਦੇ ਜਾਂਦਿਆਂ ਹੀ ਜਗੀਰਦਾਰ ਨੇ ਧੜੱਮ ਕਰਕੇ ਕਮਰਾ ਬੰਦ ਕੀਤਾ ਅਤੇ ਕਹਿਣ ਲੱਗਾ :

—ਹੁਣ ਤੂੰ ਇਸ ਘਰ ਵਿਚੋਂ ਬਾਹਰ ਨਹੀਂ ਜਾ ਸਕਦੀ। ਰੋਜ਼ ਕਿੰਨੇ ਆਸ਼ਿਕਾਂ ਦੇ ਖ਼ਤ ਆਉਂਦੇ ਹਨ ?

—ਆਸ਼ਿਕ ? ਮੇਰੀ ਮਿੱਟੀ ਇਸ ਖ਼ੁਸ਼ਬੂ ਤੋਂ ਬਣੀ ਹੈ ਵਣ-ਮਨੁੱਖ !

ਉਹ ਇਕਦਮ ਗ਼ੁੱਸੇ ਵਿਚ ਖੜ੍ਹਾ ਹੋ ਗਿਆ, ਸਿਰਹਾਣੇ ਹੇਠੋਂ ਚਾਕੂ ਕੱਢਿਆ ਅਤੇ ਮੇਰੇ ਸੀਨੇ ’ਤੇ ਹਮਲਾ ਕਰਨ ਲੱਗਾ। ਮੌਤ ਮੈਨੂੰ ਛੂਹ ਕੇ ਲੰਘਦੀ ਰਹੀ, ਮੈਂ ਲੜਦੀ ਰਹੀ। ਮੈਂ ਇਕ ਕੁੱਤੇ ਦੇ ਹੱਥੋਂ ਮਰਨਾ ਨਹੀਂ ਸਾਂ ਚਾਹੁੰਦੀ। ਆਖ਼ਿਰ ਖੱਬੇ ਪੱਟ ’ਤੇ ਚਾਕੂ ਵੱਜਾ। ਸਾਰੇ ਕਮਰੇ ਵਿਚ ਖ਼ੂਨ ਫੈਲ ਗਿਆ। ਮੈਂ ਉੱਚੀ-ਉੱਚੀ ਚੀਕਣਾ ਸ਼ੁਰੂ ਕਰ ਦਿੱਤਾ। ਇਕ ਗੁਆਂਢੀ ਕੰਧ ਟੱਪ ਕੇ ਅੰਦਰ ਆ ਗਿਆ ਅਤੇ ਜਗੀਰਦਾਰ ਭੱਜ ਗਿਆ। ਮੈਂ ਜ਼ਖ਼ਮਾਂ ਨਾਲ ਚੂਰ ਸੀ, ਬੇਹੋਸ਼ ਹੋ ਗਈ। ਜਦੋਂ ਹੋਸ਼ ਆਈ ਤਾਂ ਘਰ ਵਿਚ ਕੋਈ ਵੀ ਨਹੀਂ ਸੀ। ਕਤਲ ਦੇ ਮਾਮਲੇ ਵਿਚ ਕੌਣ ਪੈਂਦਾ ?

ਰਾਤ ਦੇ ਦੋ ਵੱਜੇ ਸਨ ਅਤੇ ਮੈਂ ਸੜਕ ’ਤੇ ਰੇਂਗ ਰਹੀ ਸਾਂ। ਖ਼ੂਨ ਬਹੁਤ ਵਗ ਚੁੱਕਾ ਸੀ। ਮੈਂ ਤੁਰ ਨਹੀਂ ਸੀ ਸਕਦੀ, ਸੜਕ ਕਿਨਾਰੇ ਬੈਠ ਗਈ। ਲੋਕ ਨੇੜਿਓਂ ਲੰਘਦੇ ਅਤੇ ਵੇਖ ਕੇ ਡਰ ਜਾਂਦੇ। ਆਖ਼ਿਰ ਇਕ ਸਕੂਟਰ ਵਾਲੇ ਨੇ ਮੈਨੂੰ ਘਰ ਤਕ ਛੱਡਿਆ। ਘਰਵਾਲਿਆਂ ਨੇ ਮੈਨੂੰ ਲਹੂ-ਲੁਹਾਨ ਵੇਖਿਆ ਤਾਂ ਪੁੱਛਣ ਲੱਗੇ :

—ਕੀ ਹੋਇਆ ?

—ਖ਼ੂਨ ਦੀਆਂ ਉਲਟੀਆਂ !

ਮੈਂ ਸਾਫ਼ ਝੂਠ ਬੋਲ ਦਿੱਤਾ। ਥਾਣੇ ਗਈ ਤਾਂ ਐੱਸ.ਐੱਚ. ਬੋਲਿਆ :

—ਤੇਰੇ ਵੱਲੋਂ ਗਵਾਹੀ ਨਹੀਂ ਹੈ। ਦੋ ਗਵਾਹ ਲੈ ਕੇ ਆ।

ਮੈਂ ਵੀ ਜਾਣਦੀ ਸਾਂ ਅਤੇ ਉਹ ਐੱਸ.ਐੱਚ.ਓ. ਵੀ ਜਾਣਦਾ ਸੀ ਕਿ ਕੋਈ ਅਦਾਲਤ ਨਹੀਂ ਜਿਥੇ ਸਿਰਫ਼ ਸੱਚੇ ਗਵਾਹ ਪੇਸ਼ ਹੁੰਦੇ ਹੋਣ, ਖ਼ੁਦਾ ਦੀ ਅਦਾਲਤ ਤੋਂ ਇਲਾਵਾ :

ਜ਼ਮੀਨ ਮੇਰੀ ਥਕਾਵਟ ਤੋਂ ਵੀ ਛੋਟੀ ਹੈ
ਲਗਾਮ ਸਫ਼ਰ ਤੋਂ ਜ਼ਿਆਦਾ ਹੈ
ਸੋ ਬੇਇਰਾਦਾ ਹੈ (ਹੋਂਠ ਮੇਰੇ ਗਦਾਗਰ)

[ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ ਅਤੇ ਪੂਰਾ ਮੰਚ ਹਨੇਰੇ ਵਿਚ ਡੁੱਬ ਜਾਂਦਾ ਹੈ। ਮੰਚ ਉੱਤੇ ਰੌਸ਼ਨੀ ਹੁੰਦੀ ਹੈ ਤਾਂ ਸਾਰਾ ਰਾਕਿੰਗ ਚੇਅਰ ’ਤੇ ਬੈਠੀ ਨਜ਼ਰ ਆਉਂਦੀ ਹੈ।]

ਮੇਰੇ ਨਸੀਬ ਵਿਚ ਕਿਹੋ ਜਿਹੇ ਪੌਦੇ ਸਨ ਕਿ ਜਿਨ੍ਹਾਂ ਨੂੰ ਲਾਉਂਦਿਆਂ ਹੀ ਮਿੱਟੀ ਆਪਣਾ ਮੂੰਹ ਕ਼ਬ਼ ਜਿੰਨਾ ਖੋਲ੍ਹ ਦੇਂਦੀ ਸੀ। ਇੰਡੀਆ, ਦਿੱਲੀ, ਕਾਫ਼ੀ ਹਾਊਸ ਦੀ ਛੱਤ ਅਤੇ ਅੰਮ੍ਰਿਤਾ ਪ੍ਰੀਤਮ—ਕਿਹੋ ਕਿਹੋ ਜਿਹੇ ਪੌਦੇ ਮੇਰੇ ਖ਼ਿਆਲਾਂ ਨੂੰ ਸਹਿਲਾ ਰਹੇ ਸਨ। ਮੇਰੀ ਦੋਸਤ, ਮੇਰੀ ਭੈਣ, ਮੇਰੀ ਹਮਸਫ਼ਰ ਅੰਮ੍ਰਿਤਾ ਨੇ ਇਸ਼ਕ ਦੀ ਹਰ ਰਸਮ ਪੂਰੀ ਕੀਤੀ ਅਤੇ ਦੁਨੀਆ ਦਾ ਕੋਈ ਰਿਵਾਜ ਨਹੀਂ ਮੰਨਿਆ ਫਿਰ ਵੀ ਰੁਸਵਾ ਨਾ ਹੋਈ। ਉਹਨੂੰ ਤਾਂ ‘ਗਿਆਨਪੀਠ’ ਦੇ ਇਨਾਮ ਨਾਲ ਵੀ ਨਿਵਾਜ਼ਿਆ ਗਿਆ। ਕੌਫ਼ੀ ਹਾਊਸ ਵਿਚ ਇਕੱਠੇ ਹੋਣ ਵਾਲੇ ਚਿਹਰਿਆਂ ’ਤੇ ਆਜ਼ਾਦੀ ਦੀ ਧੁੱਪ ਚਮਕਦੀ ਸੀ। ਆਜ਼ਾਦੀ, ਜਿਹੜੀ ਕਿਸੇ ਖ਼ੁਦਾ ਨੇ ਨਹੀਂ ਬਲਕਿ ਇਨਸਾਨਾਂ ਨੇ ਖ਼ੁਦ ਆਪਣੇ ਲਈ ਤਰਾਸ਼ੀ ਸੀ। ਤਜ਼ਕਰੇ, ਬਹਿਸਾਂ, ਮਜ਼ਾਕਰੇ—ਹਰ ਜਗ੍ਹਾ ਅਜਿਹਾ ਖੁੱਲ੍ਹਾਪਣ ਜਿਵੇਂ ਦੁਨੀਆ ਦੇ ਤਮਾਮ ਦਰੀਚੇ ਖੋਲ੍ਹ ਦਿੱਤੇ ਗਏ ਹਨ। ਮੈਂ ਇਸ ਖੁੱਲ੍ਹੇਪਣ ਵਿਚ ਸਾਹ ਲੈਂਦੀ ਹੋਈ ਆਪਣੀ ਕ਼ਬਰ ਨੂੰ ਯਾਦ ਕਰਦੀ।

ਬਾਈ ਦਿਨ ਲਾਹੌਰ ਕਿਲ੍ਹੇ ਵਿਚ ਕੈਦ ਰਹੀ, ਜੁਰਮ ? ਜੁਰਮ ਇਹ ਸੀ ਕਿ ਮੈਨੂੰ ਡੈਮੋਕ੍ਰੇਸੀ ਪਸੰਦ ਸੀ : A government of the people, for the people, by the people. ਉਹ ਸਜ਼ਾਵਾਂ ਬੜੀਆਂ ਸਖ਼ਤ ਸਨ। ਚਿੱਠੀਆਂ ਸੈਂਸਰ ਹੁੰਦੀਆਂ। ਮੈਨੂੰ ਪਤਾ ਸੀ ਮੇਰੀ ਕਿਤਾਬ ‘ਇਨਸਾਨੀ ਕੁਰਾਨ’ ਛਪਣ ਤੋਂ ਬਾਅਦ ਮੇਰੀ ਸਜ਼ਾ ਫਾਂਸੀ ਤੋਂ ਘੱਟ ਨਾ ਹੁੰਦੀ। ਪਰ ਕਿਸ ਨੂੰ ਪਰਵਾਹ ਸੀ। ਵੈਸੇ ਵੀ ਇਕ-ਇਕ ਦਿਨ ਮੈਂ ਪਤਾ ਨਹੀਂ ਕਿੰਨੀ ਵਾਰ ਸੂਲੀ ’ਤੇ ਚੜ੍ਹਾਈ ਜਾਂਦੀ ਸਾਂ। ਇਹ ਫੰਦੇ ਬਦਨ ਅਤੇ ਰੂਹ ਦੋਵਾਂ ਨੂੰ ਤਬਾਹ ਕਰ ਰਹੇ ਸਾਂ।

[ਉਹ ਟਹਿਲਦੇ ਹੋਏ ਕਾਲੇ ਕਬਾੜ ਦੇ ਨੇੜੇ ਜਾਂਦੀ ਹੈ ਅਤੇ ਉਥੋਂ ਇਕ ਮੋਟਾ ਜਿਹਾ ਰਜਿਸਟਰ ਕੱਢਦੀ ਹੈ

ਅਤੇ ਜ਼ੋਰ-ਜ਼ੋਰ ਦੀ ਉਹਦੇ ਉੱਪਰ ਪਿਆ ਘੱਟਾ ਝਾੜਦੀ ਹੈ।]

ਜਦੋਂ ਮੈਂ ਆਪਣੀ ਕਿਤਾਬ 'ਅੱਖਾਂ' ਮੁਕੰਮਲ ਕਰ ਲਈ ਤਾਂ ਬਾਜ਼ਾਰੋਂ ਜ਼ਹਿਰ ਖ਼ਰੀਦ ਕੇ ਲਿਆਈ। ਉਸ ਦਿਨ ਮਾਂ ਨੇ ਚਾਹ ਲਿਆ ਕੇ ਦਿੱਤੀ ਤਾਂ ਚਾਹ ਦੇ ਨਾਲ ਜ਼ਹਿਰ ਵੀ ਪੀ ਲਿਆ। ਇਕ ਛੋਟਾ ਜਿਹਾ ਖ਼ਤ ਲਿਖਿਆ ਕਿ ਮੈਂ ਖ਼ੁਦਕੁਸ਼ੀ ਕਰ ਰਹੀ ਹਾਂ, ਇਸ ਦੁਨੀਆ ਨੂੰ ਥੁੱਕ ਦੇਣਾ ਚਾਹੁੰਦੀ ਹਾਂ। ਮੈਂ ਉਹ ਖ਼ਤ ਅੰਮੀ ਨੂੰ ਦਿੱਤਾ। ਅੰਮੀ ਤ੍ਰਭਕ ਪਈ। ਉਹ ਪੜ੍ਹੀ-ਲਿਖੀ ਨਹੀਂ ਸੀ। ਉਹਨੇ ਖ਼ਤ ਰੱਖ ਦਿੱਤਾ। ਮੈਂ ਆਖਿਆ—'ਸਵੇਰੇ ਇਹ ਚਿੱਠੀ ਭਰਾ ਨੂੰ ਦੇ ਦੇਵੀਂ। ਜ਼ਹਿਰ ਖਾਣ ਤੋਂ ਬਾਅਦ ਰਾਤ ਦੇਰ ਤਕ ਮਾਂ ਨਾਲ ਗੱਲਾਂ ਕਰਦੀ ਰਹੀ। ਫਿਰ ਮੈਂ ਬੇਹੋਸ਼ ਹੋ ਗਈ। ਘਰ ਵਾਲੇ ਜਿਨਾਹ ਹਸਪਤਾਲ ਲੈ ਗਏ। ਚਾਰ ਦਿਨ ਬਾਅਦ ਹੋਸ਼ ਆਇਆ ਤਾਂ ਤੱਕਿਆ— ਓਹੀ ਜ਼ਮੀਨ, ਓਹੀ ਆਵਾਜ਼ਾਂ ਅਤੇ ਓਹੀ ਸੰਨਾਟਾ ! ਮੇਰੇ ਆਸੇ-ਪਾਸੇ ਪੁਲਿਸ ਵਾਲੇ ਖਲੋਤੇ ਸਨ। ਪੁੱਛਣ ਲੱਗੇ :

—ਤੈਨੂੰ ਕਿਸੇ ਨੇ ਜ਼ਹਿਰ ਦਿੱਤਾ ਸੀ ਜਾਂ ਖ਼ੁਦਕੁਸ਼ੀ ਕੀਤੀ ?

ਇਸ ਤੋਂ ਪਹਿਲਾਂ ਕਿ ਮੈਂ ਕੋਈ ਜਵਾਬ ਦੇਂਦੀ, ਮੇਰੀ ਅੰਮੀ ਨੇ ਪਾਗਲਖ਼ਾਨੇ ਵਾਲਾ ਸਰਟੀਫ਼ਿਕੇਟ ਦਿਖਾ ਦਿੱਤਾ। ਕਹਿਣ ਲੱਗੀ :

—ਇਹ ਤਾਂ ਪਾਗਲ ਏ !

[ਰਜਿਸਟਰ ਦੇ ਪੰਨੇ ਪਲਟਦਿਆਂ ਮੰਚ ਦੇ ਅਗਲੇ ਹਿੱਸੇ ਵਿਚ ਪਹੁੰਚਦੀ ਹੈ।]

ਮੈਂ ਅੰਮੀ ਨੂੰ ਬਹੁਤ ਦੁੱਖ ਦਿੱਤੇ। ਮੇਰੇ ਲਫ਼ਜ਼ ਉਹਦੇ ਲਹੂ ਦੇ ਕਤਰੇ ਕਤਰੇ ਨੂੰ ਤੜਪਾਉਂਦੇ ਸਨ ਅਤੇ ਮੈਂ ਅਖ਼ਬਾਰਾਂ ਵਿਚ, ਰਸਾਲਿਆਂ ਵਿਚ, ਮੁਸ਼ਾਇਰਿਆਂ ਵਿਚ ਵਾਹ-ਵਾਹ ਕਮਾਉਂਦੀ ਰਹਿੰਦੀ ਸਾਂ। ਮੈਂ ਅੰਮੀ ਦੀ ਕੁੱਖ ਦਾ ਜ਼ਹਿਰ ਸਾਂ, ਜਿਹੜਾ ਉਸ ਦੀਆਂ ਹੱਡੀਆਂ ਤਕ ਪਹੁੰਚ ਚੁੱਕਾ ਸੀ ਅਤੇ ਇਸੇ ਜ਼ਹਿਰ ਨਾਲ ਇਕ ਦਿਨ ਮੇਰੀ ਮਾਂ ਮਰ ਗਈ।

[ਪਿੱਠਭੂਮੀ ਵਿਚੋਂ ਸੰਗੀਤ ਦੀਆਂ ਤੇਜ਼ ਲਹਿਰਾਂ ਉਭਰਦੀਆਂ ਹਨ।]

ਮੈਨੂੰ ਲੱਗਾ ਜਿਵੇਂ ਅੰਮੀ ਆਪਣੀ ਮੌਤ ਨਾ ਮਰੀ ਹੋਵੇ, ਮੈਂ ਉਹਨੂੰ ਕਤਲ ਕੀਤਾ, ਆਪਣੀਆਂ ਖ਼ੁੱਦਾਰੀਆਂ ਨਾਲ ! ਉਸ ਦੀਆਂ ਆਖ਼ਰੀ ਨਜ਼ਰਾਂ ਵਿਚ ਮੇਰਾ ਪਛਤਾਵਾ ਸੀ। ਜਦੋਂ ਅਚਾਨਕ ਅੰਮੀ ਦਾ ਹਾਰਟ ਫੇਲ੍ਹ ਹੋਇਆ ਤਾਂ ਅਹਿਸਾਸ ਹੋਇਆ ਕਿ ਹੁਣ ਨਾ ਮੈਂ ਮਾਂ ਵਾਲੀ ਰਹੀ, ਨਾ ਧੀ ਵਾਲੀ ! ਇਕ ਮਾਂ ਸੀ ਜਿਹੜੀ ਮੇਰੇ ਪਾਗਲਪਣ ਵਿਚ ਸ਼ਰੀਕ ਰਹਿੰਦੀ। ਬਾਕੀ ਲੋਕ ਤਾਂ ਨਾ ਜ਼ਮੀਨ ਬਣ ਸਕੇ, ਨਾ ਅੱਥਰੂ ! ਹੁਣ ਕੋਈ ਨਹੀਂ ਸੀ, ਜੋ ਕਹਿੰਦਾ :

—ਸਾਰੀ ਰਾਤ ਨਾ ਲਿਖਿਆ ਕਰ। ਸੌਂ ਜਾ ਕੁੜੀਏਂ, ਸੌਂ ਜਾ ਸ਼ਗੁਫ਼ਤਾ ਨਈਂ ਤਾਂ ਦੌਰਾ ਪੈ ਜਾਊ।

ਮੇਰੀਆਂ ਡੋਲੀਆਂ ਤੋਰਦੀ-ਤੋਰਦੀ ਅੰਮੀ ਖ਼ੁਦ ਤੁਰ ਪਈ ਡੋਲੀ ਵਿਚ।



ਤੈਨੂੰ ਜਦੋਂ ਵੀ ਕੋਈ ਦੁੱਖ ਦੇਵੇ
ਉਸ ਦੁੱਖ ਦਾ ਨਾਂ ਬੇਟੀ ਰੱਖਣਾ।

[ਸੰਗੀਤ ਹੌਲੀ-ਹੌਲੀ ਰੁਕ ਜਾਂਦਾ ਹੈ।]

ਮੇਰੀਆਂ ਛੇ ਭੈਣਾਂ ਅਤੇ ਚਾਰ ਭਾਈਆਂ ਦੀਆਂ ਅੱਖਾਂ ਨਫ਼ਰਤ ਨਾਲ ਚੀਖ਼ ਰਹੀਆਂ ਸਨ :

—ਤੇਰੇ ਕਰਕੇ ਸਾਡੀ ਮਾਂ ਮਰ ਗਈ। ਉਹਨੂੰ ਸਿਰਫ਼ ਤੇਰਾ ਦੁੱਖ ਸੀ !

ਇਕ ਗੁਆਂਢਣ ਨੇ ਕਿਹਾ :

—ਹੁਣ ਤਾਂ ਤੇਰਾ ਕਾਲਜਾ ਠੰਡਾ ਹੋ ਗਿਆ ਹੋਵੇਗਾ, ਤੇਰੀ ਮਾਂ ਦਾ ਤੇਰੇ ਕਰਕੇ ਹਾਰਟ ਫੇਲ੍ਹ ਹੋ ਗਿਆ ! ਮੇਰਾ ਜੀਜਾ ਆਇਆ। ਉਹਦੇ ਹੱਥ ਵਿਚ ਅਖ਼ਬਾਰ ਸੀ। ਉਹਨੇ ਅਖ਼ਬਾਰ ਮੇਰੇ ਅੱਗੇ ਸੁੱਟਿਆ ਅਤੇ ਆਖਿਆ : 'ਪੜ੍ਹ !'

—ਸਾਰਾ ਸ਼ਗੁਫ਼ਤਾ ਨੇ ਆਪਣੇ ਚੌਥੇ ਪਤੀ ਕੋਲੋਂ ਵੀ ਤਲਾਕ ਲੈ ਲਿਆ।

—ਸਾਰਾ ਸ਼ਗੁਫ਼ਤਾ ਦੀ ਮਾਂ ਇਹ ਸਦਮਾ ਬਰਦਾਸ਼ਤ ਨਾ ਕਰ ਸਕੀ। ਮੁਹੱਲੇ ਵਾਲਿਆਂ ਦਾ ਕਹਿਣਾ ਹੈ ਕਿ ਉਹਦੀ ਮੌਤ ਇਸੇ ਸਦਮੇ ਨਾਲ ਹੋਈ।

ਫਿਰ ਇਹ ਅਖ਼ਬਾਰ ਸਾਰੇ ਖ਼ਾਨਦਾਨ ਨੂੰ ਪੜ੍ਹਾਇਆ ਗਿਆ। ਨਫ਼ਰਤ ਦੀ ਗਵਾਹੀ ਸਭ ਤੋਂ ਸੱਚੀ ਨਿਕਲੀ !

ਇਸ ਤੋਂ ਪਹਿਲਾਂ ਕਿ ਮੈਂ ਮਿੱਟੀ ਵਿਚ ਸਮਾ ਜਾਵਾਂ
ਮੇਰੇ ਨਾਲ ਇਨਸਾਫ਼ ਕਰਨਾ
ਮੇਰੇ ਰਸਤਿਆਂ ਦੀ ਭੁੱਲ ਮੈਨੂੰ ਮਾਫ਼ ਕਰਨਾ
ਕਿ ਖੂਹ ਵਿਚ ਲਟਕਦੀ ਰੱਸੀ ਸੜ ਤਾਂ ਸਕਦੀ ਹੈ

ਪਿਆਸ ਨਹੀਂ ਬੁਝਾ ਸਕਦੀ (ਮੇਰੇ ਤਿੰਨੇ ਫੁੱਲ ਪਿਆਸੇ ਹਨ)

[ਉਹ ਰਜਿਸਟਰ ਹੌਲੀ ਜਹੀ ਮੇਜ਼ 'ਤੇ ਰੱਖਦੀ ਹੈ।]

ਜਿਸ ਮਕਾਨ ਵਿਚ ਮੈਂ ਅਤੇ ਅੰਮੀ ਰਹਿੰਦੇ ਸਾਂ, ਉਹ ਮਕਾਨ ਅੰਮੀ ਦੇ ਨਾਂ 'ਤੇ ਸੀ। ਵੱਡੇ ਭਰਾ ਨੇ ਆਖਿਆ :
—ਹੁਣ ਇਹ ਮਕਾਨ ਸ਼ਗੁਫ਼ਤਾ ਅਤੇ ਖ਼ਾਲਿਦ ਭਾਵ ਛੋਟੇ ਭਰਾ ਦੇ ਨਾਂ ਲਾ ਦਿੱਤਾ ਜਾਵੇ।
ਮੈਂ ਆਖਿਆ :
—ਮੈਨੂੰ ਕੁਝ ਨਹੀਂ ਚਾਹੀਦਾ!
ਕਿਉਂਕਿ ਮਕਾਨ ਛੋਟੇ ਭਰਾ ਦੇ ਨਾਂ ਲੀਜ਼ ਕਰ ਦਿੱਤਾ ਗਿਆ। ਉਸ ਦਿਨ ਅੰਮੀ ਦਾ ਇੱਕੀਵਾਂ ਸੀ। ਛੋਟਾ ਭਰਾ ਅਤੇ ਜੀਜਾ ਮੈਨੂੰ ਕਹਿਣ ਲੱਗੇ :
—ਅਸੀਂ ਗਲੀ-ਮੁਹੱਲੇ 'ਚੋਂ ਲੰਘਦੇ ਹਾਂ ਤਾਂ ਲੋਕ ਸਾਨੂੰ ਅਖ਼ਬਾਰ ਦਿਖਾਉਂਦੇ ਹਨ। ਗੱਲਾਂ ਕਰਦੇ ਹਨ। ਤੇਰੀ ਮੌਜੂਦਗੀ ਵਿਚ ਹੁਣ ਅਸੀਂ ਇਸ ਮਕਾਨ, ਇਸ ਮੁਹੱਲੇ ਵਿਚ ਨਹੀਂ ਰਹਿ ਸਕਦੇ।
ਛੋਟੇ ਭਰਾ ਨੇ ਇਹ ਵੀ ਆਖਿਆ :
—ਮਾਂ ਸੀ ਤਾਂ ਹੋਰ ਗੱਲ ਸੀ। ਤੇਰੀਆਂ ਆਜ਼ਾਦੀਆਂ, ਸਿਗਰਟ ਪੀਣਾ ਅਸੀਂ ਬਰਦਾਸ਼ਤ ਕਰ ਰਹੇ ਸਾਂ। ਮਾਂ ਦੇ ਮਰਨ ਤੋਂ ਬਾਅਦ ਤੂੰ ਸਾਡਾ ਕੀ ਖ਼ਿਆਲ ਰੱਖੇਂਗੀ। ਤੈਨੂੰ ਤਾਂ ਖ਼ੁਦ ਪਾਗਲਪਣ ਦੇ ਦੌਰੇ ਪੈਂਦੇ ਹਨ।
ਮੈਂ ਵਿਹੜੇ ਵਿਚ ਆ ਕੇ ਬੈਠ ਗਈ। ਕਮਰੇ ਵਿਚੋਂ ਆਵਾਜ਼ਾਂ ਆਉਂਦੀਆਂ ਰਹੀਆਂ।
—ਸ਼ਗੁ.ਫ਼ਤਾ ਨੂੰ ਪਾਗਲਖਾਨੇ ਦਾਖ਼ਲ ਕਰਵਾ ਦਿੱਤਾ ਜਾਵੇ ਜਿਥੋਂ ਇਹ ਕਦੇ ਨਾ ਨਿਕਲ ਸਕੇ।
—ਖ਼ਾਨਦਾਨ ਨੂੰ ਤਾਂ ਇਸ ਨੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਾ ਰੱਖਿਆ ਹੈ।
—ਮੰਮੀ ਨੂੰ ਇਸ ਨੇ ਬਹੁਤ ਦੁੱਖ ਪਹੁੰਚਾਇਆ।
—ਇਹ ਇਥੋਂ ਕਦੋਂ ਜਾਵੇਗੀ ?

[ਦੌੜਦੇ ਹੋਏ ਕਾਲੇ ਕਬਾੜ ਦੇ ਕੋਲ ਪਹੁੰਚਦੀ ਹੈ ਅਤੇ ਉਹਦੇ ਅੰਦਰੋਂ ਇਕ ਛੋਟਾ ਜਿਹਾ ਸੂਟਕੇਸ ਕੱਢਦੀ ਹੈ।]

ਮੈਂ ਆਪਣੀਆਂ ਕਿਤਾਬਾਂ ਚੁੱਕੀਆਂ ਅਤੇ ਗੁਆਂਢ ਵਿਚ ਰੱਖ ਦਿੱਤੀਆਂ। ਇਕ ਅਟੈਚੀ ਚੁੱਕੀ, ਮਾਂ ਦੇ ਘਰ ਨੂੰ ਦਿਲ ਵਿਚ ਰੱਖਿਆ ਅਤੇ ਤੁਰ ਪਈ। 'ਜਾਣਾ ਕਿੱਥੇ ਹੈ ?' ਪੈਰਾਂ ਨੇ ਸਵਾਲ ਪਾਇਆ। 'ਕਿਸੇ ਸ਼ਾਇਰ, ਅਦੀਬ ਦੇ ਘਰ ?' ਤਾਂ ਕੱਲ੍ਹ ਇਹ ਖ਼ਬਰ ਛਪ ਜਾਵੇਗੀ—'ਸਾਰਾ ਸ਼ਗੁ.ਫ਼ਤਾ ਅੱਜ ਕੱਲ੍ਹ ਫਲਾਣੇ ਅਦੀਬ ਨੂੰ ਦਾਦ ਦੇ ਰਹੀ ਹੈ।' ਫਿਰ ਕਿੱਥੇ ਜਾਵਾਂ ? ਰਿਸ਼ਤੇਦਾਰਾਂ ਕੋਲ ? ਪਰ ਮੈਂ ਤੇ ਮਾਂ ਤਾਂ ਇਕੱਲੇ ਰਹਿੰਦੇ ਸਾਂ। ਸਾਡਾ ਕੋਈ ਰਿਸ਼ਤੇਦਾਰ ਨਹੀਂ ਸਾਂ। ਲੋਕਾਂ ਨੇ ਤਾਂ ਮੇਰੇ ਸ਼ੇਅਰ ਵੀ ਕੰਧਾਂ ਤੋਂ ਖੁਰਚ ਸੁੱਟੇ ਸਨ ਕਿ ਕੰਧਾਂ 'ਤੇ ਵੀ ਕੋਈ ਨਿਸ਼ਾਨੀ ਨਾ ਬਚੇ। ਲੋਕ ਇਕੱਲੀ ਔਰਤ ਤੋਂ ਕਿੰਨਾ ਡਰਦੇ ਹਨ ? ਮੈਂ ਆਪਣੀ ਇਕ ਦੋਸਤ ਦੇ ਘਰ ਚਲੀ ਗਈ। ਉਸ ਨੇ ਘਰ ਦੀ ਇਕ ਚਾਬੀ ਮੈਨੂੰ ਦੇ ਦਿੱਤੀ ਅਤੇ ਕਿਹਾ :
—ਤੂੰ ਏਥੇ ਰਹਿ।
ਮੈਂ ਰਹਿਣ ਲੱਗ ਪਈ। ਕੁਝ ਦਿਨਾਂ ਬਾਅਦ ਮੈਂ ਆਪਣੀ ਦੋਸਤ ਨੂੰ ਕਿਹਾ :
—ਤੇਰੇ ਕਲੀਨ ਮੇਰੇ ਪੈਰਾਂ 'ਚ ਚੁਭਦੇ ਹਨ। ਤੇਰੀ ਗੱਡੀ ਦਾ ਹਾਰਨ ਵਜੋਂ ਵੱਜਦਾ ਹੈ ਤਾਂ ਮੈਨੂੰ ਬਹੁਤ ਕੋਫ਼ਤ ਹੁੰਦੀ ਹੈ। ਦੋਸਤ, ਤੂੰ ਔਰਤਾਂ ਦਾ ਮੂਵਮੈਂਟ ਚਲਾਉਂਦੀ ਏਂ। ਤੈਨੂੰ ਵੱਡੀਆਂ-ਵੱਡੀਆਂ ਐਡਾਂ ਮਿਲਦੀਆਂ ਹਨ ਅਤੇ ਤੂੰ ਇਨ੍ਹਾਂ ਪੈਸਿਆਂ ਨਾਲ ਸ਼ਰਾਬ ਪੀ ਜਾਂਦੀ ਏ। ਆਹ ਫੜ ਚਾਬੀ, ਮੈਂ ਜਾ ਰਹੀ ਹਾਂ ਅਤੇ ਹਾਂ ਤੇਰਾ ਹਾਸਾ ਵੀ ਨਕਲੀ ਹੈ।

[ਸੂਟਕੇਸ ਰਾਕਿੰਗ ਚੇਅਰ ਦੇ ਨੇੜੇ ਰੱਖਦੀ ਹੈ ਅਤੇ ਚੇਅਰ 'ਤੇ ਬੈਠ ਜਾਂਦੀ ਹੈ।]

ਅਤੇ ਮੈਂ ਆਪਣੀ ਇਕ ਬਹੁਤ ਹੀ ਚੰਗੀ ਦੋਸਤ ਰਜ਼ੀਆ ਦੀ ਝੌਂਪੜੀ ਵਿਚ ਰਹਿਣ ਚਲੀ ਗਈ। ਉਹਨੇ ਮੇਰਾ ਬਹੁਤ ਖ਼ਿਆਲ ਰੱਖਿਆ। ਅੱਧੀ-ਅੱਧੀ ਰੋਟੀ ਅਸੀਂ ਦੋਵੇਂ ਖਾ ਲੈਂਦੇ ਅਤੇ ਖ਼ੈਰਾਤੀ ਹਸਪਤਾਲ ਵਿਚੋਂ ਦਵਾਈ ਲੈ ਆਉਂਦੀਆਂ ਸਾਂ। ਇਕ ਦਿਨ ਅਚਾਨਕ ਗਲੀ ਵਿਚ ਰੌਲਾ ਪੈਣ ਲੱਗ ਗਿਆ। ਵੇਖਿਆ, ਬਾਹਰ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਸਨ।

—ਤੁਸੀਂ ਜਵਾਨ ਔਰਤ ਨੂੰ ਘਰ ਵਿਚ ਰੱਖਿਆ ਹੋਇਆ ਹੈ ਜੀ!
—ਇਹ ਕੋਈ ਸ਼ਰੀਫ਼ ਔਰਤ ਨਹੀਂ ਲੱਗਦੀ। ਇਸ ਦੇ ਕੱਪੜੇ ਝੌਂਪੜੀਆਂ ਵਾਲੇ ਨਹੀਂ ਹੈ।

[ਉਹ ਕੁਰਸੀ ਤੋਂ ਉੱਠਦੀ ਹੈ ਅਤੇ ਵਿਚਕਾਰ ਪਈ ਕੁਰਸੀ ਨੂੰ ਪਰ੍ਹੇ ਕਰਕੇ ਮੇਜ਼ ਦੇ ਨੇੜੇ ਲੈ ਆਉਂਦੀ ਹੈ। ਮੇਜ਼ 'ਤੇ ਪਿਆ

ਸਿਹਰਾ ਗਹੁ ਨਾਲ ਤੱਕਦੀ ਹੈ।]

ਮੈਂ ਝੌਂਪੜੀ ਨੂੰ ਬੜੇ ਗਹੁ ਨਾਲ ਤੱਕਿਆ ਅਤੇ ਆਖਿਆ : 'ਐ ਝੌਂਪੜੀ ! ਤੇਰੇ ਕੋਲ ਵੀ ਤਿਣਕਿਆਂ ਦਾ ਮੌਸਮ ਨਹੀਂ ਹੈ।' ਇਹ ਕਿਹੜੀਆਂ ਕੜੀਆਂ ਸਨ ਜਿਹੜੀਆਂ ਮੇਰੀਆਂ ਜ਼ੰਜੀਰਾਂ ਵਿਚ ਸੱਜੀਆਂ ਸਨ। ਮੈਂ ਸਿਰਫ਼ ਘੁੰਡ ਕੱਢੀ ਰੱਖਣ ਵਾਲੀ ਜਾਂ ਚਾਦਰ ਵਾਲੀ ਔਰਤ ਨਹੀਂ ਸਾਂ। ਕਿਹੋ-ਕਿਹੋ ਜਹੀ ਸੋਚ ਸੀ ਮੇਰੇ ਕੋਲ। ਕਈ ਦਰਾਰਾਂ ਸਨ ਮੇਰੇ ਲਹੂ ਵਿਚ। ਰਾਤ ਇਕ ਕੰਜਰੀ ਵਾਂਗ ਮੇਰੇ ਉੱਪਰ ਉਤਰਦੀ ਸੀ ਅਤੇ ਮੇਰੇ ਕਲੇਜੇ 'ਚੋਂ ਸੰਗਰੇਜ਼ੇ ਡਿੱਗਣ ਲੱਗਦੇ ਸਨ। ਮੇਰੇ ਲਿਖਣ ਲਈ ਕਾਇਨਾਤ ਦਾ ਕੋਰਾ ਕਾਗ਼ਜ਼ ਛੋਟਾ ਸੀ, ਅਧੂਰਾ ਸੀ। ਲੋਕ ਮੇਰੇ ਨਹੁੰਆਂ ਤੋਂ ਵੀ ਛੋਟੇ ਸਨ। ਮਤਲਬਪ੍ਰਸਤੀ, ਖ਼ੁਦਗਰਜ਼ੀ ਤੋਂ ਸਿਵਾ ਉਨ੍ਹਾਂ ਦੇ ਕੋਲ ਕੋਈ ਫੁੱਲ ਨਹੀਂ ਸੀ। ਆਲਿਮਾਂ ਨੇ ਆਪਣੀ ਫ਼ਾਲ ਕੱਢੀ ਤੇ ਮੇਰਾ ਨਾਂ 'ਸਰਾਏ' ਰੱਖ ਦਿੱਤਾ। ਕਿੰਨ੍ਹਿਆਂ ਨੂੰ ਮੈਂ 'ਟ੍ਰਾਈ ਰੂਮ' ਮਹਿਸੂਸ ਹੋਈ। ਦੁਨੀਆ ਦੀ ਸਮੁੱਚੀ ਧਰਤੀ 'ਤੇ ਇਕ ਸਈਦ ਹੀ ਸੀ, ਜਿਸ ਨੇ ਸਾਰਾ ਨੂੰ ਜਾਣਿਆ। ਸਾਰਾ ਨੂੰ ਹੋਰ ਕਿਸੇ ਨੇ ਨਹੀਂ ਜਾਣਿਆ। ਉਹਦੀ ਰੂਹ ਏਨੀ ਪਾਕ ਸੀ ਕਿ ਇਕ ਲਹੂ ਥੁੱਕਦੀ ਔਰਤ ਦੇ ਜ਼ਖ਼ਮ ਵਿਚ ਸੰਧੂਰ ਭਰ ਗਿਆ, ਜ਼ਿੰਦਗੀ ਦਾ ਸਿੰਧੂਰ ! ਇਸ ਲਈ ਜਦੋਂ ਇਕ ਦਿਨ ਉਹਨੇ ਪੁੱਛਿਆ :

—ਤੂੰ ਇਹ ਬਾਰ-ਬਾਰ ਖ਼ੁਦਕੁਸ਼ੀ ਕਿਉਂ ਕਰਦੀ ਏਂ ?
ਤਾਂ ਮੈਂ ਝਟਪਟ ਉਹਦੇ ਨਾਲ ਵਾਅਦਾ ਕਰ ਲਿਆ ਕਿ ਹੁਣ ਜਿੰਦਾ ਰਹਾਂਗੀ।

[ਸਿਹਰਾ ਵਿੰਗ ਵਿਚ ਸੁੱਟ ਦੇਂਦੀ ਹੈ ਅਤੇ ਦੇਰ ਤਕ ਉਧਰ ਹੀ ਤੱਕਦੀ ਰਹਿੰਦੀ ਹੈ।]



ਮੇਰੇ ਵਿਹੜੇ ਵਿਚ ਜਿੰਨੀ ਧੁੱਪ ਸੀ
ਉਹਦੇ ਨਾਲ ਤੇਰੇ ਕੱਪੜੇ ਸੁਕਾ ਦਿੱਤੇ
ਮੇਰਾ ਘਰ ਪਾਣੀਆਂ ਨਾਲ ਬਣਾ ਦਿਉ
ਕਿ ਰਵਾਨੀ ਮੇਰੀ ਰੂਹ ਹੈ (ਅੱਖਾਂ ਸਾਹ ਲੈ ਰਹੀਆਂ ਹਨ)

[ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ ਅਤੇ ਪੂਰੇ ਮੰਚ ਉੱਤੇ ਹਨੇਰਾ। ਜਦੋਂ ਮੰਚ ਉੱਪਰ ਰੌਸ਼ਨੀ ਹੁੰਦੀ ਹੈ ਤਾਂ ਸਾਰਾ ਮੰਚ ਦੇ ਵਿਚਕਾਰ ਖਲੋਤੀ ਨਜ਼ਰ ਆਉਂਦੀ ਹੈ।]

ਉਸ ਦਿਨ 1984 ਦੀ 28 ਮਈ ਸੀ। ਸਈਦ ਨੂੰ ਕਿਸੇ ਜ਼ਰੂਰੀ ਕੰਮ ਕਰਕੇ ਕੋਇਟਾ ਜਾਣਾ ਸੀ। ਮੈਂ ਜ਼ਿਦ ਕਰਨ ਲੱਗੀ ਕਿ ਨਾਲ ਚੱਲਾਂਗੀ। ਉਹ ਮੇਰੀ ਹਰ ਗੱਲ ਮੰਨ ਲੈਂਦੇ ਸੀ, ਇਸ ਲਈ ਦੋ ਟਿਕਟ ਮੰਗਵਾਏ ਅਤੇ ਮੈਂ ਨਾਲ ਚਲੀ ਗਈ। ਅਸੀਂ ਉਥੇ 31 ਮਈ ਤਕ ਰਹੇ। ਸਈਦ ਨੇ ਅੱਗੇ ਗੁਲਿਸਤਾਨ ਜਾਣਾ ਸੀ, ਇਸ ਲਈ ਮੈਂ ਉਥੇ ਹੀ ਰੁਕ ਗਈ ਕੋਇਟਾ ਵਿਚ। ਉਥੇ ਮੇਰਾ ਵੱਡਾ ਮੁੰਡਾ ਕਾਲਜ ਵਿਚ ਪੜ੍ਹਦਾ ਸੀ। ਵਾਪਸੀ 'ਤੇ ਤਿੰਨ ਜੂਨ ਦੀ ਤਰੀਕ ਪੱਕੀ ਸੀ, ਕਰਾਚੀ ਵਿਚ ਮਿਲਣ ਲਈ। ਮੈਂ ਤਿੰਨ ਦੀ ਜਗ੍ਹਾ ਚਾਰ ਜੂਨ ਨੂੰ ਕਰਾਚੀ ਪਹੁੰਚੀ ਤਾਂ ਲੱਗਾ ਕਿ ਜਿੰਨੀ ਸ਼ਿੱਦਤ ਨਾਲ ਸਈਦ ਮੇਰਾ ਇੰਤਜ਼ਾਰ ਰਿਹਾ ਹੋਵੇਗਾ, ਉਸ ਤੋਂ ਕਿਤੇ ਜ਼ਿਆਦਾ ਸ਼ਿੱਦਤ ਨਾਲ ਮੌਤ ਮੈਨੂੰ ਪੁਕਾਰ ਰਹੀ ਸੀ। ਬਾਰ-ਬਾਰ ਇਕੋ ਹੀ ਖ਼ਿਆਲ—ਮੈਨੂੰ ਸਈਦ ਨਾਲੋਂ ਉਹਦੀ ਘਰਵਾਲੀ ਜ਼ਿਆਦਾ ਅਜ਼ੀਜ਼ ਸੀ, ਉਹਦੇ ਬੱਚੇ ਉਹਦਾ ਘਰ। ਮੈਂ ਘਰ-ਘਰ ਏਨਾ ਖੇਡਿਆ ਸੀ ਕਿ ਮੇਰੇ ਲਈ ਘਰ ਇਕ ਸੁਰਾਬ ਬਣ ਗਿਆ। ਸੁਲਘਦੀ ਰੇਤ ਵਿਚ ਦਫ਼ਨ ਪਾਣੀ ਜਾਂ ਪਾਣੀ ਦੀ ਇਕ ਝਲਕ ਬਸ। ਪਰ ਸਈਦ ਦਾ ਘਰ ਸੁਰਾਬ ਨਹੀਂ, ਇਕ ਸੱਚ ਸੀ, ਇਕ ਠੋਸ ਹਕੀਕਤ। ਸਈਦ ਦੀ ਘਰਵਾਲੀ ਨੇ ਇਸ ਪਾਣੀ ਦੀ ਖ਼ਾਤਿਰ ਪਤਾ ਨਹੀਂ ਕਿੰਨੇ ਛਾਲੇ ਆਪਣੇ ਪੈਰਾਂ ਵਿਚ ਸਮੇਟੇ ਹੋਣਗੇ ਕਿ ਉਸਦੇ ਬੱਚੇ ਪਿਆਸੇ ਨਾ ਰਹਿਣ ਜਾਣ। ਮੇਰੇ ਕੋਲ ਘਰ ਨਹੀਂ ਸੀ, ਖ਼ਾਲੀ ਮੈਦਾਨ ਸੀ ਅਤੇ ਮੈਦਾਨ ਵਿਚ ਝਾਂਜਰਾਂ ਪਾ ਕੇ ਕਦੋਂ ਤਕ ਤੁਰਦੀ ? ਮੇਰੇ ਪੈਰਾਂ ਹੇਠਲੀ ਜ਼ਮੀਨ ਚੋਰੀ ਹੋ ਗਈ ਸੀ ਅਤੇ ਮੇਰੇ ਬਦਨ ਨੂੰ ਹੀ ਮੇਰਾ ਵਤਨ ਕਰਾਰ ਦੇ ਦਿੱਤਾ ਗਿਆ ਸੀ—ਮੈਂ ਇਹ ਸਭ ਕੁਝ ਕਦੋਂ ਤਕ ਕਬੂਲ ਕਰਦੀ ਰਹਿੰਦੀ ? ਇਨਸਾਨਾਂ ਦੇ ਦਾਗ਼ ਧੋਂਦੇ-ਧੋਂਦੇ ਮੇਰੇ ਤਾਂ ਹੱਥ ਕਾਲੇ ਹੋ ਚੁੱਕੇ ਸਨ। ਉਦਾਸੀ ਦਾ ਇਕ ਅਥਾਹ ਸਮੁੰਦਰ ਮੇਰੀ ਛੋਟੀ ਜਿਹੀ ਕਿਸ਼ਤੀ ਵਿਚ ਹਰ ਵੇਲੇ ਸਵਾਰ ਰਹਿੰਦਾ। ਖ਼ੁਦਾ ਤਾਂ ਚੰਦਰਮਾ ਦੀ ਸਿਆਹੀ ਨਾਲ ਰਾਤ ਲਿਖਦਾ ਹੈ ਪਰ ਖ਼ੁਦਾ ਦੇ ਬੰਦਿਆਂ ਨੇ ਰਾਤ ਦੀ ਸਿਆਹੀ ਨਾਲ ਮੇਰੇ ਦਿਨ ਲਿਖ ਦਿੱਤੇ ਸਨ। ਦੁਨੀਆ ਦੀ ਬੇਜ਼ਮੀਰੀ ਮੇਰਾ ਬਦਨ ਚੱਟ ਚੁੱਕੀ ਸੀ। ਬਸ ਇਕ ਰੂਹ ਸੀ, ਜਿਸ ਨੂੰ ਮੈਂ ਮਸਜਿਦ ਦੀ ਇੱਟ ਵਾਂਗ ਬਚਾ ਕੇ ਰੱਖਿਆ ਸੀ। ਕਹਿੰਦੇ ਨੇ ਬਦਨ ਵਿਚ ਬਹੁਤ ਦਿਨ ਕੈਦ ਰਹੇ ਤਾਂ ਰੂਹ ਨੂੰ ਜ਼ੰਗ ਲੱਗ ਜਾਂਦਾ ਹੈ। ਇਸ ਲਈ ਚਾਰ ਜੂਨ 1984 ਦੀ ਉਸ ਰਾਤ ਨੂੰ ਮੈਂ ਬਿਸਮਿੱਲਾ ਕਰਕੇ ਖੋਲ੍ਹ ਦਿੱਤੀ ਗੰਢ...

[ਮੰਚ ਦੇ ਕੇਂਦਰ ਵਿਚ ਇਕ ਵੱਡਾ ਜਿਹਾ ਕਾਲਾ ਪਰਦਾ ਲਟਕਦਾ ਹੈ। ਸਾਰਾ ਹੌਲੀ-ਹੌਲੀ ਉਹਦੇ ਨੇੜੇ ਜਾਂਦੀ ਹੈ ਅਤੇ ਉਹਨੂੰ ਹੌਲੀ-ਹੌਲੀ ਛੂੰਹਦੀ ਹੈ।]

ਜੀ ਹਾਂ ! ਖ਼ੁਦਕੁਸ਼ੀ ਹੀ ਸੀ। ਇਕ ਕਾਮਯਾਬ ਖ਼ੁਦਕੁਸ਼ੀ ! ਚਾਰ ਅਸਫਲ ਕੋਸ਼ਿਸ਼ਾਂ ਦੇ ਬਾਅਦ ਪੰਜਵੀਂ ਸਫਲ ਕੋਸ਼ਿਸ਼। ਮਜ਼ੇ ਦੀ ਗੱਲ ਇਹ ਹੈ ਕਿ ਜਦੋਂ ਕਿਸੇ ਨਾਲ ਵਾਅਦਾ ਨਹੀਂ ਸੀ ਕਿ ਜੀਵਾਂਗੀ ਤਾਂ ਬਚ ਗਈ ਅਤੇ ਜਦੋਂ ਕਿਸੇ ਨਾਲ ਵਾਅਦਾ ਕੀਤਾ ਕਿ 'ਹੁਣ ਨਹੀਂ ਮਰਾਂਗੀ' ਤਾਂ ਮਰ ਗਈ। ਮੈਂ ਕਿਉਂ ਮਰ ਗਈ ? ਸੱਚ ਪੁੱਛੋ ਤਾਂ ਮੈਂ ਮਰੀ ਤਾਂ ਇਸ ਲਈ ਮਰੀ ਕਿ ਜਦੋਂ ਤਕ ਜਿਉਂਦੀ ਰਹੀ, ਮੈਂ ਸਿਰਫ਼ ਅਤੇ ਸਿਰਫ਼ ਮਰਨ ਵਾਲੇ ਹੀ ਕੰਮ ਕੀਤੇ। ਉਂਜ ਜਿੰਦਾ ਵੀ ਕਿੰਨੇ ਦਿਨ ਰਹੀ ? 4 ਜੂਨ 1984 ਦੀ ਉਸ ਰਾਤ ਜਦੋਂ ਚੀਖਦੇ ਇੰਞਣ ਦੇ ਅੱਗੇ ਮੇਰਾ ਜਿਸਮ ਤਿੰਨ ਹਿੱਸਿਆਂ ਵਿਚ ਕੱਟ ਕੇ ਡਿੱਗਾ ਸੀ ਅਤੇ ਰੇਲ ਦੀਆਂ ਪਟੜੀਆਂ ਨੇ ਮੇਰੇ ਲਾਲ-ਲਾਲ ਲਹੂ ਨਾਲ ਆਪਣੀਆਂ ਦਰਾਰਾਂ ਭਰੀਆਂ ਸਨ ਅਤੇ ਮੇਰੀਆਂ ਟੁੱਟੀਆਂ ਹੋਈਆਂ ਚੱਪਲਾਂ ਤਾਰਾਂ ਵਿਚ ਉਲਝ ਕੇ ਤੇਰ ਤਕ ਤੜਫ਼ਦੀਆਂ ਰਹੀਆਂ ਸਨ ਜਿਵੇਂ ਕੱਟੇ ਹੋਏ ਮੁਰਗੇ ਦੀ ਗਰਦਨ...ਉਦੋਂ ਮੈਂ 29 ਸਾਲ 7 ਮਹੀਨੇ ਅਤੇ 4 ਦਿਨ ਦੀ ਸਾਂ।

[ਉਹ ਹੌਲੀ-ਹੌਲੀ ਆਪਣੇ ਚਾਰੇ ਪਾਸੇ ਪਰਦਾ ਲਪੇਟਣ ਲੱਗਦੀ ਹੈ।]

ਏਨੀ ਛੋਟੀ ਜਹੀ ਉਮਰ ਵਿਚ ਏਨੀ ਵੱਡੀ ਤਬਾਹੀ ! ਹਾਂ ਸਾਹਿਬੋਂ ! ਏਨੀ ਛੋਟੀ ਜਹੀ ਉਮਰ ਵਿਚ ਏਨੀ ਲੰਬੀ ਜ਼ਿੰਦਗੀ ਜੀ ਗਈ ਕਿ ਥੱਕ ਗਈ। ਏਨਾ ਥੱਕ ਗਈ ਕਿ ਜਿਸਮ-ਓ-ਜਾਂ ਦੀ ਹਰ ਰਗ ਅਤੇ ਹੋਸ਼-ਓ-ਹਵਾਸ ਦਾ ਹਰ ਰੇਸ਼ਾ ਸੌਂ ਚੁੱਕਾ ਸੀ। ਨਿਜਾਤ ਦੀ ਬਸ ਇਹੋ ਸੂਰਤ ਸੀ। ਘੱਟ ਤੋਂ ਘੱਟ ਉਸ ਰਾਤ ! ਕੋਈ ਹੋਰ ਹੁੰਦਾ ਤਾਂ ਉਹ ਵੀ ਇਵੇਂ ਹੀ ਥੱਕ ਜਾਂਦਾ, ਏਨਾ ਹੀ ਥੱਕ ਜਾਂਦਾ। ਨਿਜਾਤ ਲਈ ਸਰਪਟ ਦੌੜਦੀ ਰੇਲ ਦੇ ਅੱਗੇ ਛਾਲ ਮਾਰਦਾ ਜਾਂ ਨਹੀਂ, ਮੈਂ ਨਹੀਂ ਜਾਣਦੀ। ਇਕ ਦਿਨ ਮੈਂ ਆਪਣੇ ਦੁੱਧ ਦੀ ਕਸਮ ਖਾਧੀ ਸੀ, ਮੌਤ ਦੀ ਆਖ਼ਰੀ ਦਸਤਕ ਤਕ ਸ਼ੇਅਰ ਲਿਖਾਂਗੀ ਕਿ ਸ਼ਾਇਦ ਕਦੇ ਆਪਣੇ ਬੱਚੇ ਨੂੰ ਕਫ਼ਨ ਦੇ ਸਕਾਂ।

[ਸਾਰਾ ਦਾ ਪੂਰਾ ਸਰੀਰ ਪਰਦੇ ਵਿਚ ਲੁਕ ਜਾਂਦਾ ਹੈ। ਸਿਰਫ਼ ਉਸ ਦਾ ਚਿਹਰਾ ਨਜ਼ਰ ਆਉਂਦਾ ਹੈ।]

ਅੱਜ ਹਰ ਬੁੱਕ-ਸ਼ੈਲਫ਼ ਵਿਚ ਮੈਂ ਸੱਜੀ ਹੋਈ ਹਾਂ ਅਤੇ ਚਾਰੇ ਪਾਸਿਓਂ ਆਵਾਜ਼ਾਂ ਆਉਂਦੀਆਂ ਹਨ :

[ਉਹ ਇਕ ਝਟਕੇ ਨਾਲ ਪਰਦਾ ਆਪਣੇ ਚਿਹਰੇ ਉੱਤੇ ਤਾਣ ਲੈਂਦੀ ਹੈ ਅਤੇ ਇਕ ਝਟਕੇ ਨਾਲ ਹੀ ਸਟੇਜ ਦਾ ਉਹ ਹਿੱਸਾ ਹਨੇਰੇ ਵਿਚ ਡੁੱਬ ਜਾਂਦਾ ਹੈ। ਹਨੇਰੇ ਵਿਚ ਹੀ ਸਾਰਾ ਦੀ ਆਵਾਜ਼ ਸੁਣਾਈ ਦੇਂਦੀ ਹੈ।]

—ਸ਼ਾਇਰਾ ! ਸ਼ਾਇਰਾ ! ਸਾਰਾ ! ਸਾਰਾ !!
ਪਰ ਮੈਂ ਜਾਣਦੀ ਹਾਂ ਕਿ ਅਜੇ ਕਫ਼ਨ ਦੇ ਪੈਸੇ ਪੂਰੇ ਨਹੀਂ ਹੋਏ ਹਨ !

[ਇੰਜਣ ਇਕ ਚੀਖ਼ ਦੇ ਨਾਲ ਰੁਕ ਜਾਂਦਾ ਹੈ। ਸਾਰਾ ਹੌਲੀ-ਹੌਲੀ ਦਰਸ਼ਕਾਂ ਵੱਲ ਪਿੱਠ ਘੁਮਾਉਣ ਲੱਗਦੀ ਹੈ। ਰੌਸ਼ਨੀ ਹੌਲੀ-ਹੌਲੀ ਮੱਧਮ ਹੁੰਦੀ ਹੈ। ਟ੍ਰੈਕ ਉਪਰ ਕਵਿਤਾ ਸੁਣਾਈ ਦੇਂਦੀ ਹੈ।]

ਮੇਰੇ ਜਜ਼ਬੇ ਅਪਾਹਜ ਕਰ ਦਿੱਤੇ ਗਏ ਹਨ
ਮੈਂ ਮੁਕੰਮਲ ਗੁਫ਼ਤਗੂ ਨਹੀਂ ਕਰ ਸਕਦੀ
ਮੈਂ ਮੁਕੰਮਲ ਉਧਾਰ ਹਾਂ
ਮੇਰੀ ਕ਼ਬ੍ਰ ਦੇ ਚਿਰਾਗ਼ਾਂ ਨਾਲ ਹੱਥ ਸੇਕਣ ਵਾਲਿਓ !
ਠੰਡੇ ਵਕਤ 'ਤੇ ਇਕ ਦਿਨ ਮੈਂ ਵੀ ਕੰਬੀ ਸਾਂ।
(ਅੱਖਾਂ ਸਾਹ ਲੈ ਰਹੀਆਂ ਹਨ।)

[ਕਵਿਤਾ ਦੀ ਆਖ਼ਿਰੀ ਸਤਰ ਨਾਲ ਹੀ ਫੇਡ-ਆਊਟ ਹੁੰਦਾ ਹੈ।]

* *

